



# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

**Jagdish Grewal**
Sales Representative



Residential | Commercial | Investment

(416) 970-5005

Office: 905-488-2100 Ext. 348

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101


AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ

TICO # 50022741
or Visit us at:
218 Kingknoll Dr., Brampton, ON L6Y 4X4


## ਅੱਜ ਨਾਮਾ

ਹੋਈ ਸੀ ਪਹਿਲ ਕੋਰੋਨਾ ਦੀ ਚੀਨ ਦੇ ਵਿੱਚ,
ਲਿਆ ਉਸ ਰੋਗ ਨੂੰ ਪਕੜ ਸੀ ਝੱਟ ਮੀਆਂ।
ਫਿਰ ਵੀ ਲੋਕ ਸਨ ਤਿੰਨ ਹਜ਼ਾਰ ਮਰ ਗਏ,
ਇਹ ਵੀ ਨਿੱਕੀ ਸਮਾਜੀ ਨਹੀਂ ਸੱਟ ਮੀਆਂ।
ਵੇਲਾ ਰਹਿੰਦੇ ਤੋਂ ਜਿਨ੍ਹਾਂ ਨਹੀਂ ਅਕਲ ਕੀਤੀ,
ਕੋਰੋਨਾ ਟੱਪ ਗਿਆ ਉਹਨਾਂ ਦੀ ਵੱਟ ਮੀਆਂ।
ਕਈਆਂ ਦੇਸ਼ਾਂ ਵਿੱਚ ਏਸ ਹਨੇਰ ਪਾਇਆ,
ਕਿਤੇ ਵੱਧ ਪਾਇਆ, ਕਿਧਰੇ ਘੱਟ ਮੀਆਂ।
ਜਿਹੜੇ ਪੱਧਰ ਨੂੰ ਪਹੁੰਚੀ ਆ ਗੱਲ ਮੀਆਂ,
ਫਿਕਰ ਵਿੱਚ ਇਨਸਾਨੀਅਤ ਪਈ ਮੀਆਂ।
ਤਦ ਵੀ ਆਖਦੇ ਸਾਇੰਸ ਦੇ ਮਾਹਰ ਵੱਡੇ,
ਹਾਲਤ ਕਾਬੂ ਤੋਂ ਬਾਹਰ ਨਾ ਗਈ ਮੀਆਂ।

**ਤੀਸ ਮਾਰ ਖਾਂ**

# 300,000 ਕੈਨੇਡੀਅਨਾਂ ਤੋਂ ਵੱਧ ਨੇ ਫੈਡਰਲ ਏਡ ਬੈਨੇਫਿਟ ਲਈ ਕੀਤਾ ਅਪਲਾਈ

ਓਟਵਾ, 7 ਅਪਰੈਲ (ਪੋਸਟ ਬਿਊਰੋ) : ਕੋਵਿਡ-19 ਮਹਾਮਾਰੀ ਕਾਰਨ ਆਪਣੀ ਆਮਦਨ ਗੁਆ ਚੁੱਕੇ ਕੈਨੇਡੀਅਨਾਂ ਲਈ ਨਵੇਂ ਫੈਡਰਲ ਏਡ ਬੈਨੇਫਿਟ ਵਾਸਤੇ ਅਰਜ਼ੀਆਂ ਖੁੱਲ੍ਹਣ ਦੇ ਪਹਿਲੇ ਕੁੱਝ ਹੀ ਘੰਟਿਆਂ ਵਿੱਚ 300,000 ਕੈਨੇਡੀਅਨਾਂ ਤੋਂ ਵੀ ਵੱਧ ਅਪਲਾਈ ਕਰ ਚੁੱਕੇ ਹਨ। ਇਹ ਜਾਣਕਾਰੀ ਖਜ਼ਾਨਾ ਬੋਰਡ ਦੇ ਪ੍ਰੈਜ਼ੀਡੈਂਟ ਜੀਨ ਯਵੇਸ ਡਕਲਸ ਵੱਲੋਂ ਦਿੱਤੀ ਗਈ।



ਨਿਊ ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ (ਕਰਬ) ਲਈ ਐਪਲੀਕੇਸ਼ਨ ਪੋਰਟਲ ਦੀ ਸ਼ੁਰੂਆਤ ਸੋਮਵਾਰ ਨੂੰ ਹੋਈ। ਫੈਡਰਲ ਸਰਕਾਰ ਇਸ ਗੱਲ ਨੂੰ ਲੈ ਕੇ ਚਿੰਤਤ ਹੈ ਕਿ ਕੋਵਿਡ-19 ਆਊਟਬ੍ਰੇਕ ਕਾਰਨ ਦੋ ਮਿਲੀਅਨ ਕੈਨੇਡੀਅਨਜ਼ ਨੂੰ ਆਪਣੀ ਨੌਕਰੀ ਤੋਂ ਹੱਥ ਧੋਣੇ ਪਏ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਦੁਪਹਿਰ ਸਮੇਂ ਜਦੋਂ ਦੇਸ਼ ਦੀ ਜਨਤਾ ਨੂੰ ਸੰਬੋਧਨ ਕੀਤਾ ਗਿਆ ਓਨੇ ਚਿਰ ਨੂੰ 240,000 ਕੈਨੇਡੀਅਨ ਸਫਲਤਾਪੂਰਬਕ ਅਪਲਾਈ ਕਰ ਚੁੱਕੇ ਸਨ। ਇਸ ਤੋਂ ਅੰਦਾਜ਼ਨ ਇੱਕ ਘੰਟੇ ਬਾਅਦ ਹੀ ਡਕਲਸ ਨੇ ਆਖਿਆ ਕਿ ਇਹ ਅੰਕੜਾ 300,000 ਡਾਲਰ ਤੋਂ ਵੀ ਟੱਪ ਗਿਆ ਹੈ।

ਇਸ ਨਵੇਂ ਬੈਨੇਫਿਟ ਤਹਿਤ ਸਫਲ ਰਹਿਣ ਵਾਲੇ ਬਿਨੈਕਾਰਾਂ ਨੂੰ ਚਾਰ ਮਹੀਨਿਆਂ ਲਈ ਮਹੀਨੇ ਦੇ 2000 ਡਾਲਰ ਦਿੱਤੇ ਜਾਇਆ ਕਰਨਗੇ। ਹਾਲਾਂਕਿ ਇਸ ਯੋਜਨਾ ਲਈ ਹਰ ਕੋਈ ਯੋਗ ਨਹੀਂ ਹੈ। ਇਸ ਵਾਸਤੇ ਯੋਗ ਬਣਨ ਲਈ ਸ਼ਰਤ ਇਹ ਹੈ ਕਿ ਬਿਨੈਕਾਰ ਨੇ ਪਿਛਲੇ 12 ਮਹੀਨਿਆਂ ਜਾਂ 2019 ਵਿੱਚ 5000 ਡਾਲਰ ਕਮਾਏ ਹੋਣ। ਇਸ ਤੋਂ ਇਲਾਵਾ ਉਸ ਦੀ ਨੌਕਰੀ ਜਾਣ ਦਾ ਮੁੱਖ ਕਾਰਨ ਕੋਵਿਡ-19 ਮਹਾਮਾਰੀ ਰਹੀ ਹੋਵੇ।

# ਓਨਟਾਰੀਓ ਵਿੱਚ ਖਿਡੌਣੇ ਬਣਾਉਣ ਵਾਲੀ ਕੰਪਨੀ ਬਣਾ ਰਹੀ ਹੈ ਮਾਸਕਸ



ਟੋਰਾਂਟੋ, 7 ਅਪਰੈਲ (ਪੋਸਟ ਬਿਊਰੋ) : ਦਸ ਦਿਨ ਪਹਿਲਾਂ ਇਰਵਿਨ ਟੌਏ ਨੇ ਬੜਾ ਹੀ ਕਾਹਲਾ ਤੇ ਨਾਟਕੀ ਮੋੜ ਲਿਆ। ਸਿਰਫ ਡੌਲਜ਼ ਤੇ ਟਰੱਕ ਵੇਚਣ ਦੀ ਥਾਂ ਉੱਤੇ ਕੈਨੇਡੀਅਨ ਕੰਪਨੀ ਵੱਲੋਂ ਹੁਣ ਮੈਡੀਕਲ ਪਧਰ ਦੇ ਮਾਸਕਸ ਤਿਆਰ ਕੀਤੇ ਜਾ ਰਹੇ ਹਨ। ਇਹ ਕੰਪਨੀ ਦਿਨ ਵਿਚ 250,000 ਤੋਂ 500,000 ਮਾਸਕਸ ਬਣਾ ਰਹੀ ਹੈ।

ਕੌਲਿੰਗਵੁਡ, ਓਨਟਾਰੀਓ ਸਥਿਤ ਆਪਣੇ ਘਰ ਤੋਂ ਇੱਕ ਇੰਟਰਵਿਊ ਵਿੱਚ ਕੰਪਨੀ ਦੇ ਪ੍ਰੈਜ਼ੀਡੈਂਟ ਜਾਰਜ ਇਰਵਿਨ ਨੇ ਆਖਿਆ ਕਿ ਉਨ੍ਹਾਂ ਵੱਲੋਂ ਅਮਰੀਕਾ ਤੇ ਕੈਰੇਬੀਆ ਨੂੰ ਤਾਂ ਮਾਸਕ ਵੇਚੇ ਹੀ ਗਏ ਹਨ ਇਸ ਦੇ ਨਾਲ ਹੀ ਓਨਟਾਰੀਓ ਵਿੱਚ 400,000 ਤੋਂ ਵੱਧ ਮਾਸਕਸ ਕੰਪਨੀ ਵੇਚ ਚੁੱਕੀ ਹੈ। ਇਰਵਿਨ ਨੇ ਆਖਿਆ ਕਿ ਹੁਣ ਤੱਕ ਉਹ ਕੁੱਲ 1.5 ਮਿਲੀਅਨ ਮਾਸਕਸ ਵੇਚ ਚੁੱਕੇ ਹਨ। ਇਰਵਿਨ ਨੇ ਆਖਿਆ ਕਿ ਉਨ੍ਹਾਂ ਦੀ ਕੰਪਨੀ ਸਰਜੀਕਲ ਮਾਸਕ 58 ਸੈਂਟਸ ਦਾ ਵੇਚ ਰਹੀ ਹੈ ਜਦਕਿ ਐਨ95 ਮਾਸਕ 2.90 ਅਮਰੀਕੀ ਡਾਲਰ ਦਾ ਵੇਚਿਆ ਜਾ ਰਿਹਾ ਹੈ। ਪਰ ਉਨ੍ਹਾਂ ਆਖਿਆ ਕਿ ਇਹ ਕੀਮਤਾਂ ਜਲਦ ਹੀ ਬਦਲਣ ਵਾਲੀਆਂ ਹਨ ਤੇ ਅਸੀਂ ਕੀਮਤਾਂ ਨੂੰ ਥਾਂ ਸਿਰ ਰੱਖਣ ਲਈ 24/7 ਕੰਮ ਕਰ ਰਹੇ ਹਾਂ।

ਉਨ੍ਹਾਂ ਆਖਿਆ ਕਿ ਕੈਨੇਡਾ ਵਿੱਚ ਹਸਪਤਾਲਾਂ, ਮੈਡੀਕਲ ਕਲੀਨਿਕਸ ਤੇ ਹੋਰਨਾਂ ਹੈਲਥ ਸੇਵਾਵਾਂ ਵਿੱਚ ਹੈਲਥ ਕੇਅਰ ਵਰਕਰਜ਼ ਦੀ ਰਾਖੀ ਤੇ ਉਨ੍ਹਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਸਾਜ਼ੋ ਸਮਾਨ ਦੀ ਲੋੜ ਹੈ ਪਰ ਹਰ ਚੀਜ਼ ਦੀ ਸਪਲਾਈ ਬਹੁਤ ਘੱਟ ਹੈ ਨਰਸਿੰਗ ਹੋਮਜ਼ ਦੇ ਸਟਾਕ ਵੀ ਮੁੱਕਣ ਵਾਲੇ ਹਨ।

# ਮਲੇਰੀਏ ਦੀ ਦਵਾਈ ਦੇ ਮੁੱਦੇ ਤੋਂ ਮੋਦੀ ਅਤੇ ਟਰੰਪ ਦੀ ਸਾਂਝ ਵਿੱਚ ਦਰਾੜ

* ਭਾਰਤ ਨੇ ਕਿਹਾ: ਗੁਆਂਢੀ ਦੇਸ਼ਾਂ ਨੂੰ ਦਵਾਈ ਪਹਿਲਾਂ ਦੇਵਾਂਗੇ * ਟਰੰਪ ਨੇ ਕਿਹਾ: ਦਵਾਈ ਨਾ ਦਿੱਤੀ ਤਾਂ ਜਵਾਬੀ ਕਾਰਵਾਈ ਕਰਾਂਗੇ



ਵਾਸ਼ਿੰਗਟਨ, 7 ਅਪਰੈਲ, (ਪੋਸਟ ਬਿਊਰੋ)- ਅਮਰੀਕਾ ਨੇ ਭਾਰਤ ਕੋਲੋਂ ਮਲੇਰੀਆ ਦੇ ਇਲਾਜ ਲਈ ਵਰਤੀ ਜਾਣ ਵਾਲੀ ਦਵਾਈ ਹਾਈਡ੍ਰੌਕਸੀ ਕਲੋਰੋਕਵਾਈਨ ਮੰਗੀ ਸੀ, ਭਾਰਤ ਨੇ ਅਜੇ ਫੈਸਲਾ ਵੀ ਨਹੀਂ ਸੀ ਕੀਤਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਧਮਕੀ ਦੇ ਦਿੱਤੀ ਕਿ ਜੇ ਦਵਾਈ ਨਾ ਭੇਜੀ ਤਾਂ ਅਸੀਂ ਜਵਾਬੀ ਕਾਰਵਾਈ ਕਰਾਂਗੇ। ਇਸ ਦੇ ਬਾਅਦ ਭਾਰਤ ਨੇ ਮੋੜ ਕੇ ਕਹਿ ਦਿੱਤਾ ਹੈ ਕਿ ਪਹਿਲਾਂ ਗਵਾਂਢੀ ਦੇਸ਼ਾਂ ਨੂੰ ਦੇਵਾਂਗੇ, ਤੁਹਾਡੇ ਬਾਰੇ ਬਾਅਦ ਵਿੱਚ ਸੋਚਾਂਗੇ। ਇਸ ਨਾਲ ਨਰਿੰਦਰ ਮੋਦੀ ਤੇ ਡੋਨਾਲਡ ਟਰੰਪ ਦੀ ਬਹੁ-ਚਰਚਿਤ ਨੇੜਤਾ ਵਿੱਚ ਪਾਟਕ ਪੈਂਦਾ ਦਿੱਸਣ ਲੱਗਾ ਹੈ।

ਭਾਰਤ ਸਰਕਾਰ ਨੇ ਮਲੇਰੀਆ ਦੇ ਇਲਾਜ ਲਈ ਵਰਤੀ ਜਾਂਦੀ ਦਵਾਈ ਹਾਈਡ੍ਰੌਕਸੀ ਕਲੋਰੋਕਵਾਈਨ ਹੋਰ ਦੇਸ਼ਾਂ ਨੂੰ ਵੇਚਣ ਉੱਤੇ ਲੱਗੀ ਰੋਕ ਨੂੰ ਟੁੱਟਵੇਂ ਰੂਪ ਵਿਚ ਹਟਾਉਣ ਦਾ ਫ਼ੈਸਲਾ ਕੀਤਾ ਹੈ, ਜਿਸ ਨਾਲ ਅਮਰੀਕਾ ਅਤੇ ਹੋਰ ਕਈ ਦੇਸ਼ਾਂ ਨੂੰ ਇਸ ਦੀ ਸਪਲਾਈ ਦਾ ਰਾਹ ਸਾਫ਼ ਹੋ ਗਿਆ ਹੈ। ਫਿਰ ਵੀ ਭਾਰਤੀ ਅਧਿਕਾਰੀਆਂ ਨੇ ਕਿਹਾ ਕਿ ਦੇਸ਼ ਅਪਣੀਆਂ ਘਰੇਲੂ ਲੋੜਾਂ ਪੂਰੀਆਂ ਕਰਨ ਤੇ ਹਰ ਪੱਖ ਦੀ ਪੂਰੀ ਵਿਚਾਰ ਕਰਨ ਪਿੱਛੋਂ ਉਨ੍ਹਾਂ ਦੇਸ਼ਾਂ ਨੂੰ ਪੈਰਾਸਿਟਟਾਮੋਲ ਤੇ ਹਾਈਡ੍ਰੌਕਸੀ ਕਲੋਰੋਕਵਾਈਨ ਸਪਲਾਈ ਕਰੇਗਾ, ਜਿਨ੍ਹਾਂ ਨੇ ਪਹਿਲਾਂ ਆਰਡਰ ਦਿਤੇ ਹੋਏ ਹਨ। ਸਮਝਿਆ ਜਾਂਦਾ ਹੈ ਕਿ ਨਰਿੰਦਰ ਮੋਦੀ ਅਤੇ ਡੋਨਾਲਡ ਟਰੰਪ ਦੀ ਇੱਕ ਦਿਨ ਪਹਿਲਾਂ ਹੋਈ ਟੈਲੀਫ਼ੋਨ ਉੱਤੇ ਗੱਲਬਾਤ ਦੇ ਬਾਅਦ ਭਾਰਤ ਅਤੇ ਅਮਰੀਕਾ ਦੇ ਉੱਚ ਅਧਿਕਾਰੀ ਇਸ ਦਵਾਈ ਦੀ ਅਮਰੀਕਾ ਨੂੰ ਸਪਲਾਈ ਬਾਰੇ ਤਾਲਮੇਲ ਕਰ ਰਹੇ ਸਨ ਅਤੇ ਇਸ ਤਾਲਮੇਲ ਦੇ ਨਤੀਜੇ ਵਜੋਂ ਹੀ ਐਕਸਪੋਰਟ ਬਾਰੇ ਪਾਬੰਦੀਆਂ ਵਿਚ ਢਿੱਲ ਦੇਣ ਦਾ ਫ਼ੈਸਲਾ ਹੋਇਆ ਹੈ।

ਇਸ ਦੌਰਾਨ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ ਕਿਹਾ, 'ਭਾਰਤ ਦਾ ਪੱਖ ਸਦਾ ਇਹੋ ਰਿਹਾ ਹੈ ਕਿ ਸੰਸਾਰ ਭਾਈਚਾਰੇ ਨਾਲ ਇਕਜੁਟਤਾ ਤੇ ਤਾਲਮੇਲ ਚਾਹੀਦਾ ਹੈ।' ਉਨ੍ਹਾਂ ਕਿਹਾ ਕਿ ਮਨੁੱਖੀ ਪੱਖ ਤੋਂ ਹੀ ਫ਼ੈਸਲਾ ਕੀਤਾ ਗਿਆ ਹੈ ਕਿ ਭਾਰਤ ਅਪਣੇ ਉਨ੍ਹਾਂ ਸਾਰੇ ਗੁਆਂਢੀ ਦੇਸ਼ਾਂ ਨੂੰ ਪੈਰਾਸਿਟਾਮੋਲ ਅਤੇ ਕਲੋਰੋਕਵਾਈਨ ਢੁਕਵੀਂ ਮਾਤਰਾ ਵਿੱਚ ਭੇਜੇਗਾ, ਜਿਨ੍ਹਾਂ ਦੀ ਟੇਕ ਭਾਰਤ ਉੱਤੇ ਹੈ। ਭਾਰਤ ਨੂੰ ਇਸ ਦਵਾਈ ਦੀ ਸਪਲਾਈ ਲਈ ਸ੍ਰੀਲੰਕਾ ਅਤੇ ਨੇਪਾਲ ਤੋਂ ਇਲਾਵਾ ਹੋਰ ਕਈ ਦੇਸ਼ਾਂ ਦੇ ਆਰਡਰ ਵੀ ਮਿਲੇ ਹੋਏ ਸਨ।

ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੇਤਾਵਨੀ ਦਿਤੀ ਸੀ ਕਿ ਜੇ ਭਾਰਤ ਨੇ ਉਸ ਦੀ ਨਿਜੀ ਬੇਨਤੀ ਦੇ ਬਾਵਜੂਦ ਮਲੇਰੀਆ ਦੇ ਇਲਾਜ ਦੀ ਦਵਾਈ ਹਾਈਡ੍ਰੌਕਸੀ ਕਲੋਰੋਕਵਾਈਨ ਦੇਣ ਦਾ ਫੈਸਲਾ ਨਾ ਕੀਤਾ ਤਾਂ ਉਸ ਉੱਤੇ ਜਵਾਬੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਤੋਂ ਪਿਛਲੇ ਹਫ਼ਤੇ ਟਰੰਪ ਨੇ ਕਿਹਾ ਸੀ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮਦਦ ਮੰਗੀ ਹੈ ਤਾਂ ਕਿ ਅਮਰੀਕਾ ਵਿਚ ਕੋਰੋਨਾ ਵਾਇਰਸ ਦੇ ਰੋਗੀਆਂ ਦੇ ਇਲਾਜ ਲਈ ਮਲੇਰੀਆ ਦੀ ਇਹ ਦਵਾਈ ਵਰਤੀ ਜਾ ਸਕੇ। ਇਸ ਤੋਂ ਕੁਝ ਘੰਟੇ ਪਹਿਲਾਂ ਭਾਰਤ ਨੇ ਮਲੇਰੀਆ ਦੀ ਇਸ ਦਵਾਈ ਨੂੰ ਬਾਹਰ ਭੇਜਣ ਉੱਤੇ ਰੋਕ ਲਾਈ ਸੀ। ਟਰੰਪ ਨੇ ਕਿਹਾ ਕਿ ਭਾਰਤ ਕਈ ਸਾਲਾਂ ਤੋਂ ਅਮਰੀਕਾ ਦੇ ਵਪਾਰ ਨਿਯਮਾਂ ਦਾ ਲਾਭ ਉਠਾ ਰਿਹਾ ਹੈ ਤੇ ਜੇ ਉਹ ਇਸ ਦਵਾਈ ਦੀ ਸਪਲਾਈ ਰੋਕੇਗਾ ਤਾਂ ਉਸ ਨੂੰ ਹੈਰਾਨੀ ਹੋਵੇਗੀ। ਉਨ੍ਹਾਂ ਕਿਹਾ, 'ਜੇ ਇਹ ਭਾਰਤ ਦਾ ਫ਼ੈਸਲਾ ਹੈ ਤਾਂ ਮੈਨੂੰ ਹੈਰਾਨੀ ਹੋਵੇਗੀ। ਭਾਰਤ ਨੂੰ ਇਸ ਬਾਰੇ ਦੱਸਣਾ ਪਵੇਗਾ। ਐਤਵਾਰ ਸਵੇਰੇ ਮੈਂ ਉਨ੍ਹਾਂ ਨੂੰ ਫ਼ੋਨ ਕਰ ਕੇ ਕਿਹਾ ਕਿ ਜੇ ਤੁਸੀਂ ਸਪਲਾਈ ਹੋਣ ਦਿਓ ਤਾਂ ਅਸੀਂ ਇਸ ਦੀ ਸ਼ਲਾਘਾ ਕਰਾਂਗੇ, ਪਰ ਜੇ ਉਹ ਨਹੀਂ ਦਿੰਦੇ ਤਾਂ ਕੋਈ ਗੱਲ ਨਹੀਂ, ਜ਼ਾਹਰਾ ਤੌਰ ਉੱਤੇ ਇਸ ਦਾ ਜਵਾਬ ਦਿਤਾ ਜਾ ਸਕਦਾ ਹੈ। ਕਿਉਂ ਨਹੀਂ ਦਿੱਤਾ ਜਾਣਾ ਚਾਹੀਦਾ।'

# ਪੰਜਾਬ ਵਿੱਚ ਪਹਿਲੀ ਵਾਰ ਇੱਕੋ ਦਿਨ 20 ਪਾਜ਼ਿਟਿਵ ਕੇਸਾਂ ਨਾਲ ਗਿਣਤੀ ਸੌ ਦੇ ਨੇੜੇ ਪੁੱਜੀ

ਜਲੰਧਰ, 7 ਅਪਰੈਲ, (ਪੋਸਟ ਬਿਊਰੋ)- ਪੰਜਾਬ ਵਿਚ ਕੋਰੋਨਾ ਵਾਇਰਸ ਦੇ ਕੇਸ ਅਚਾਨਕ ਵਧੇ ਹਨ ਤੇ ਸੱਤ ਮਾਰਚ ਨੂੰ ਪਹਿਲੀ ਵਾਰ ਇੱਕੋ ਦਿਨ ਵਿਚ 20 ਕੇਸ ਪਤਾ ਲੱਗੇ ਹਨ। ਇਸ ਨਾਲ ਪੀੜਤ ਲੋਕਾਂ ਦੀ ਗਿਣਤੀ 99 ਹੋ ਗਈ ਹੈ ਤੇ ਇਸ ਦੌਰਾਨ ਅੱਠ ਜਣਿਆਂ ਦੀ ਮੌਤ ਵੀ ਹੋ ਚੁੱਕੀ ਹੈ। ਇਸ ਵੇਲੇ 77 ਮਰੀਜ਼ ਵੱਖ-ਵੱਖ ਹਸਪਤਾਲਾਂ ਵਿਚ ਹਨ। ਅੱਜ ਮੰਗਲਵਾਰ ਨੂੰ ਮੋਹਾਲੀ ਦੇ ਡੇਰਾਬੱਸੀ ਇਲਾਕੇ ਦੇ ਇੱਕੋ ਪਿੰਡ ਜਵਾਹਰਪੁਰ ਵਿੱਚ ਸੱਤ ਪਾਜ਼ਿਟਿਵ ਕੇਸ ਪਤਾ ਲੱਗੇ ਹਨ। ਇਸ ਪਿੰਡ ਵਿਚ ਪਾਜ਼ਿਟਿਵ ਕੇਸਾਂ ਦੀ ਗਿਣਤੀ 11 ਹੋਣ ਪਿੱਛੋਂ ਇਸ ਦਾ ਪੰਜ ਕਿਲੋਮੀਟਰ ਤਕ ਇਲਾਕਾ ਸੀਲ ਕਰ ਦਿੱਤਾ ਗਿਆ ਹੈ। ਪੰਜਾਬ ਦੇ ਮੋਹਾਲੀ ਜ਼ਿਲ੍ਹੇ ਵਿਚ ਸਭ ਤੋਂ ਵੱਧ 26 ਕੇਸ ਪਤਾ ਲੱਗੇ ਹਨ। ਪਠਾਨਕੋਟ ਵਿਚ ਵੀ ਇੱਕੋ ਦਿਨ ਵਿਚ ਛੇ ਕੇਸ ਪਤਾ ਲੱਗੇ ਤੇ ਅੰਮ੍ਰਿਤਸਰ ਵਿਚ ਇਕ ਕੇਸ ਆਇਆ ਹੈ। ਮੋਗੇ ਜ਼ਿਲੇ ਵਿਚ ਪਹਿਲੀ ਵਾਰ ਚਾਰ ਕੇਸ ਇਕੱਠੇ ਪਾਜ਼ਿਟਿਵ ਨਿਕਲੇ ਹਨ। ਇਹ ਸਾਰੇ ਲੋਕ ਤਬਲੀਗੀ ਜਮਾਤ ਨਾਲ ਜੁੜੇ ਹੋਏ ਅਤੇ ਮੁੰਬਈ ਦੇ ਵਾਸੀ ਹਨ। ਮਾਨਸਾ ਵਿਚ ਵੀ ਤਬਲੀਗੀ ਜਮਾਤ ਦੀਆਂ ਦੋ ਔਰਤਾਂ ਦੀ ਰਿਪੋਰਟ ਪਾਜ਼ਿਟਿਵ ਆਈ ਹੈ।

ਪੰਜਾਬ ਵਿੱਚ ਮੰਗਲਵਾਰ ਤੱਕ ਮੋਹਾਲੀ ਜ਼ਿਲੇ ਵਿੱਚ 26 ਕੇਸ, ਨਵਾਂਸ਼ਹਿਰ 19, ਅੰਮ੍ਰਿਤਸਰ 10, ਹੁਸ਼ਿਆਰਪੁਰ 7, ਪਠਾਨਕੋਟ 7, ਜਲੰਧਰ 6, ਲੁਧਿਆਣਾ 6, ਮਾਨਸਾ 5, ਮੋਗਾ 4, ਰੂਪਨਗਰ 3, ਫ਼ਤਹਿਗੜ੍ਹ ਸਾਹਿਬ 2, ਪਟਿਆਲਾ, ਬਰਨਾਲਾ, ਫ਼ਰੀਦਕੋਟ ਅਤੇ ਕਪੂਰਥਲਾ ਵਿੱਚ 1-1 ਕੇਸ ਪਤਾ ਲੱਗੇ ਹਨ।

# ਅਮਰੀਕਾ ਵਿੱਚ ਕੋਰੋਨਾ ਦਾ ਕਹਿਰ ਲਗਾਤਾਰ ਜਾਰੀ

* ਇਕੱਲੇ ਨਿਊਯਾਰਕ ਸਟੇਟ ਵਿੱਚ 24 ਘੰਟੇ ਵਿੱਚ 731 ਹੋਰ ਮੌਤਾਂ
* ਬ੍ਰਿਟੇਨ ਵਿੱਚ ਕੋਰੋਨਾ ਨਾਲ ਮੌਤਾਂ ਦੀ ਗਿਣਤੀ 6227 ਹੋਈ



ਨਿਊਯਾਰਕ, 8 ਅਪਰੈਲ, (ਪੋਸਟ ਬਿਊਰੋ)- ਅਮਰੀਕਾ ਦੇ ਨਿਊਯਾਰਕ ਸੂਬੇ ਵਿਚ ਬੀਤੇ 24 ਘੰਟਿਆਂ ਦੇ ਦੌਰਾਨ ਕੋਰੋਨਾ ਵਾਇਰਸ ਨਾਲ 731 ਲੋਕਾਂ ਦੀ ਮੌਤ ਹੋ ਗਈ ਹੈ। ਇਹ ਇਕੋ ਦਿਨ ਵਿੱਚ ਮੌਤਾਂ ਦਾ ਸਭ ਤੋਂ ਵੱਡਾ ਅੰਕੜਾ ਹੈ।


ਮਿਲੀ ਜਾਣਕਾਰੀ ਅਨੁਸਾਰ ਭਾਰਤ ਦੀ ਬੁੱਧਵਾਰ ਦੀ ਸਵੇਰ ਹੋਣ ਤੱਕ ਅਮਰੀਕਾ ਵਿੱਚ ਕੁੱਲ 12,790 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਪ੍ਰਭਾਵਤ ਲੋਕਾਂ ਦੀ ਗਿਣਤੀ 3,95,612 ਦੱਸੀ ਗਈ ਹੈ। ਇਸ ਦੌਰਾਨ ਨਿਊਯਾਰਕ ਦੇ ਗਵਰਨਰ ਐਂਡਰੀਊ ਕਿਊਮੋ ਦੇ ਦੱਸਣ ਮੁਤਾਬਕ ਇਸ ਰਾਜ ਵਿਚ 5,489 ਲੋਕਾਂ ਦੀ ਮੌਤ ਹੋਈ ਹੈ, ਜਿਨ੍ਹਾਂ ਵਿਚ ਇੱਕੋ ਦਿਨ ਵਿਚ ਹੋਈਆਂ 731 ਮੌਤਾਂ ਸ਼ਾਮਲ ਹਨ। ਨਿਊਯਾਰਕ ਵਿਚ ਮਰਨ ਵਾਲਿਆਂ ਵਿਚ 8 ਭਾਰਤੀ ਪੰਜਾਬੀ ਵੀ ਸਨ।

ਭਾਰਤ ਦੀ ਬੁੱਧਵਾਰ ਸਵੇਰ ਹੋਣ ਤੱਕ ਸਾਰੇ ਸੰਸਾਰ ਵਿੱਚ ਕੋਰੋਨਾ ਵਾਇਰਸ ਤੋਂ ਪ੍ਰਭਾਵਤ ਹੋਏ ਲੋਕਾਂ ਦੀ ਗਿਣਤੀ 14,25,468 ਅਤੇ ਮੌਤਾਂ ਦੀ ਗਿਣਤੀ 81,939 ਦੱਸੀ ਗਈ ਹੈ। ਇਟਲੀ ਵਿਚ ਬੀਤੇ ਇੱਕੋ ਦਿਨ ਵਿਚ 604 ਲੋਕਾਂ ਦੀ ਮੌਤ ਨਾਲ ਕੁੱਲ ਮੌਤਾਂ ਦੀ ਗਿਣਤੀ 17,127 ਹੋ ਚੁੱਕੀ ਹੈ। ਬ੍ਰਿਟੇਨ ਵਿਚ ਕੋਰੋਨਾ ਨਾਲ ਹੋਈ ਮੌਤਾਂ ਦੀ ਗਿਣਤੀ ਬੀਤੇ 24 ਘੰਟਿਆਂ ਵਿਚ ਵਧ ਕੇ 6159 ਹੋ ਗਈ ਹੈ। ਸੰਸਾਰ ਵਿੱਚ ਦੂਸਰੇ ਸਭ ਤੋਂ ਵੱਧ ਪ੍ਰਭਾਵਤ ਦੇਸ਼ ਸਪੇਨ ਵਿਚ ਮ੍ਰਿਤਕਾਂ ਦੀ ਗਿਣਤੀ 14,045 ਹੋਣ ਤੋਂ ਇਲਾਵਾ ਇਨ੍ਹਾਂ 24 ਘੰਟਿਆਂ ਵਿਚ ਫਰਾਂਸ ਵਿਚ 1417 ਹੋਰ ਮੌਤਾਂ ਦੇ ਨਾਲ ਕੁੱਲ ਗਿਣਤੀ ਦਸ ਹਜ਼ਾਰ ਨੂੰ ਟੱਪ ਕੇ 10,328 ਹੋ ਗਈ ਹੈ। ਬੈਲਜੀਅਮ ਅਤੇ ਨੀਦਰਲੈਂਡ ਦੋਵਾਂ ਦੇਸ਼ ਵਿਚ ਮੌਤਾਂ ਦੀ ਗਿਣਤੀ ਇਸ ਸਮੇਂ ਦੌਰਾਨ ਦੋ-ਦੋ ਹਜ਼ਾਰ ਤੋਂ ਟੱਪ ਚੁੱਕੀ ਹੈ


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੁੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
DEBT CONSOLIDATION • HOME EQUITY LOANS • HOME RENOVATION
WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



ShaerGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਭਾਰਤ ਵਿੱਚ ਕੋਰੋਨਾ ਦੇ ਪਾਜ਼ਿਟਿਵ ਕੇਸਾਂ ਦੀ ਗਿਣਤੀ ਪੰਜ ਹਜ਼ਾਰ ਤੋਂ ਲੰਘੀ

## * ਇੱਕੋ ਦਿਨ 16 ਹੋਰ ਮੌਤਾਂ ਨਾਲ ਕੁੱਲ ਗਿਣਤੀ ਡੇਢ ਸੌ ਟੱਪੀ



ਨਵੀਂ ਦਿੱਲੀ, 7 ਅਪਰੈਲ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿਚ ਤਬਲੀਗੀ ਜਮਾਤ ਵਾਲੇ ਕੇਸਾਂ ਕਾਰਨ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਦੇ ਕੇਸਾਂ ਵਿਚ ਹੋਇਆ ਵਾਧਾ ਵੀ ਅਜੇ ਜਾਰੀ ਹੈ। ਮੰਗਲਵਾਰ ਨੂੰ ਤਾਮਿਲ ਨਾਡੂ ਵਿਚ 63 ਅਤੇ ਹਰਿਆਣਾ ਵਿਚ 34 ਹੋਰ ਤਬਲੀਗੀ ਲੋਕ ਇਸ ਬਿਮਾਰੀ ਤੋਂ ਪਾਜ਼ਿਟਿਵ ਨਿਕਲੇ ਹਨ। ਪੂਰੇ ਦੇਸ਼ ਵਿਚ ਲਗਭਗ ਪੰਜ ਸੌ ਨਵੇਂ ਕੇਸ ਪਤਾ ਲੱਗੇ ਅਤੇ ਪ੍ਰਭਾਵਤ ਲੋਕਾਂ ਦੀ ਗਿਣਤੀ ਪੰਜ ਹਜ਼ਾਰ ਟੱਪ ਗਈ ਹੈ। ਦੇਸ਼ ਵਿਚ 16 ਹੋਰ ਲੋਕਾਂ ਦੀ ਮੌਤ ਨਾਲ ਮ੍ਰਿਤਕਾਂ ਦੀ ਗਿਣਤੀ ਵੀ ਡੇਢ ਸੌ ਪਾਰ ਕਰ ਗਈ ਹੈ।

ਕੇਂਦਰੀ ਸਿਹਤ ਮੰਤਰਾਲੇ ਵੱਲੋਂ ਜਾਰੀ ਹੋਏ ਅਤੇ ਰਾਜਾਂ ਤੋਂ ਮਿਲੇ ਅੰਕੜਿਆਂ ਵਿਚ ਅੰਤਰ ਹੈ। ਕੇਂਦਰੀ ਮੰਤਰਾਲੇ ਨੇ ਕਿਹਾ ਹੈ ਕਿ ਰਾਜਾਂ ਵਿਚ ਪ੍ਰਭਾਵਤ ਲੋਕਾਂ ਅਤੇ ਮੌਤਾਂ ਬਾਰੇ ਸੂਚਨਾ ਦੇਰੀ ਨਾਲ ਮਿਲਦੀ ਹੈ ਅਤੇ ਫਿਰ ਉਨ੍ਹਾਂ ਨੂੰ ਜੋੜਨ ਲਈ ਸਮਾਂ ਲੱਗਦਾ ਹੈ, ਇਸ ਕਾਰਨ ਅੰਕੜਿਆਂ ਦਾ ਫਰਕ ਹੈ। ਮੰਗਲਵਾਰ ਰਾਜਾਂ ਤੋਂ ਮਿਲੀਆਂ ਸੂਚਨਾਵਾਂ ਮੁਤਾਬਕ ਦੇਸ਼ ਵਿਚ ਹੋਰ 16 ਲੋਕਾਂ ਦੀ ਕੋਰੋਨਾ ਨਾਲ ਮੌਤ ਹੋ ਗਈ ਹੈ। ਸਭ ਤੋਂ ਵੱਧ ਮਹਾਰਾਸ਼ਟਰ ਵਿਚ ਅੱਠ ਮੌਤਾਂ ਹੋਈਆਂ ਹਨ। ਇਨ੍ਹਾਂ ਵਿਚ ਪੰਜ ਮੁੰਬਈ ਤੇ ਤਿੰਨ ਪੁਣੇ ਵਿਚ ਹੋਈਆਂ ਹਨ। ਮੱਧ ਪ੍ਰਦੇਸ਼ ਵਿਚ ਚਾਰ ਤੇ ਗੁਜਰਾਤ, ਜੰਮੂ-ਕਸ਼ਮੀਰ, ਤਾਮਿਲ ਨਾਡੂ ਅਤੇ ਓਡੀਸ਼ਾ ਵਿਚ ਇਕ-ਇਕ ਮਰੀਜ਼ ਦੀ ਮੌਤ ਹੋਈ ਹੈ। ਬੁੱਧਵਾਰ ਸਵੇਰ ਚੜ੍ਹਨ ਤੱਕ ਦੇਸ਼ ਵਿਚ ਮ੍ਰਿਤਕਾਂ ਦੀ ਕੁੱਲ ਗਿਣਤੀ 161 ਹੋ ਗਈ ਅਤੇ 486 ਨਵੇਂ ਕੇਸ ਪਤਾ ਲੱਗਣ ਨਾਲ ਪ੍ਰਭਾਵਤ ਲੋਕਾਂ ਦੀ ਗਿਣਤੀ ਵੀ 5194 ਹੋ ਚੁੱਕੀ ਹੈ। ਇਸ ਅਰਸੇ ਦੌਰਾਨ 359 ਪ੍ਰਭਾਵਤ ਲੋਕ ਪੂਰੀ ਤਰ੍ਹਾਂ ਠੀਕ ਵੀ ਹੋਏ ਹਨ।

# ਕਰੋਨਾ ਵਾਇਰਸ ਨਾਲ ਫੌਤ ਹੋਏ ਲੋਕਾਂ ਦੀਆਂ ਅੰਤਿਮ ਰਸਮਾਂ ਨਿਭਾਉਣ ਬਾਰੇ ਹਦਾਇਤਨਾਮਾ ਜਾਰੀ ਹੋਵੇ : ਗਰੇਵਾਲ

## ਕੌਂਸਲ ਵੱਲੋਂ ਕਰੋਨਾ ਦੇ ਫੈਲਣ ਸੰਬੰਧੀ ਪੈਦਾ ਹੋਏ ਭਰਮ ਅਤੇ ਖ਼ੌਫ਼ ਨੂੰ ਦੂਰ ਕਰਨ ਦੀ ਮੰਗ

ਚੰਡੀਗੜ੍ਹ, 7 ਅਪ੍ਰੈਲ (ਗਿਆਨ ਸਿੰਘ): ਪੰਜਾਬੀ ਕਲਚਰਲ ਕੌਂਸਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੋਵਿਡ-19 ਵਾਇਰਸ ਤੋਂ ਪੀੜਤ ਮ੍ਰਿਤਕਾਂ ਦੀਆਂ ਦੇਹਾਂ ਦੀਆਂ ਅੰਤਿਮ ਰਸਮਾਂ ਸਨਮਾਨਜਨਕ ਢੰਗ ਨਾਲ ਨਿਭਾਉਣ ਸਬੰਧੀ ਸਖਤ ਹਦਾਇਤਨਾਮਾ ਜਾਰੀ ਕੀਤਾ ਜਾਵੇ ਤਾਂ ਜੋ ਕੋਈ ਵੀ ਪਿੰਡ ਅਤੇ ਸ਼ਹਿਰ ਦੀ ਸ਼ਮਸ਼ਾਨ ਭੂਮੀ ਵਿੱਚ ਅੰਤਿਮ ਰਸਮਾਂ ਕਰਨ ਤੋਂ ਰੋਕ ਨਾ ਸਕੇ। ਨਾਲ ਹੀ ਕੌਂਸਲ ਨੇ ਮੰਗ ਕੀਤੀ ਹੈ ਕਿ ਇਸ ਬਿਮਾਰੀ ਦੇ ਫੈਲਣ ਸੰਬੰਧੀ ਪੈਦਾ ਹੋਏ ਭਰਮ ਅਤੇ ਖ਼ੌਫ਼ ਨੂੰ ਦੂਰ ਕਰਵਾਉਣ ਅਤੇ ਲੋਕਾਂ ਵਿੱਚ ਸਮਾਜਿਕ ਸਰੋਕਾਰਾਂ ਸੰਬੰਧੀ ਵਿਸ਼ਵਾਸ਼ ਬਹਾਲੀ, ਭਰੋਸਾ ਅਤੇ ਭਾਈਚਾਰਕ ਨੇੜਤਾ ਮੁੜ ਬਹਾਲ ਕਰਾਉਣ ਦੇ ਯਤਨ ਕੀਤੇ ਜਾਣ।

ਅੱਜ ਇੱਥੇ ਇੱਕ ਬਿਆਨ ਵਿੱਚ ਪੰਜਾਬੀ ਕਲਚਰਲ ਕੌਂਸਲ (ਰਜਿ) ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਆਖਿਆ ਕਿ ਪਿਛਲੇ ਦਿਨਾਂ ਦੌਰਾਨ ਦੇਖਣ ਵਿੱਚ ਆਇਆ ਹੈ ਕਿ ਕਰੋਨਾ ਵਾਇਰਸ ਨਾਲ ਫੌਤ ਹੋਏ ਕੁਝ ਲੋਕਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਬਿਮਾਰੀ ਫੈਲਣ ਸੰਬੰਧੀ ਪੈਦਾ ਹੋਏ ਖ਼ੌਫ਼ ਕਾਰਨ ਸਸਕਾਰ ਦੀਆਂ ਅੰਤਿਮ ਰਸਮਾਂ ਨਿਭਾਉਣ ਅਤੇ ਮ੍ਰਿਤਕ ਦੇਹਾਂ ਲੈਣ ਤੋਂ ਹੀ ਇਨਕਾਰ ਕਰ ਦਿੱਤਾ ਗਿਆ। ਉਪਰੰਤ ਸਥਾਨਕ ਪੱਧਰ ਉਤੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਇਹ ਰਸਮਾਂ ਆਪਣੇ ਪੱਧਰ ਉਪਰ ਹੀ ਨਿਭਾਈਆਂ ਗਈਆਂ।

ਤਰਕਹੀਣ ਭਰਮਾਂ ਸਦਕਾ ਖ਼ੌਫ਼ਜ਼ਦਾ ਲੋਕਾਂ ਵੱਲੋਂ ਆਪਣੇ ਫੌਤ ਹੋਏ ਪਰਿਵਾਰਕ ਮੈਂਬਰਾਂ ਨੂੰ ਤਿਆਗੇ ਜਾਣ ਉਤੇ ਡੂੰਘੀ ਚਿੰਤਾ ਜ਼ਾਹਰ ਕਰਦਿਆਂ ਸਮਾਜ ਸੇਵੀ ਸ੍ਰੀ ਗਰੇਵਾਲ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨਾਲ ਪੰਜਾਬ ਦੀ ਮਾਣਮੱਤੀ ਸਮਾਜਿਕ ਨੇੜਤਾ ਅਤੇ ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣ ਦੀ ਭਾਈਚਾਰਕ ਸਾਂਝ ਨੂੰ ਤਕੜਾ ਝਟਕਾ ਲੱਗਾ ਹੈ ਜਿਸ ਦੇ ਭਵਿੱਖ ਵਿੱਚ ਦੂਰਰਸੀ ਸਿੱਟੇ ਨਿੱਕਲ ਸਕਦੇ ਹਨ। ਕੌਂਸਲ ਦੇ ਮੁਖੀ ਸ੍ਰੀ ਗਰੇਵਾਲ ਨੇ ਕਿਹਾ ਕਿ ਕਰੋਨਾ ਪੀੜਤ ਮ੍ਰਿਤਕ ਦੇਹਾਂ ਦੇ ਸਨਮਾਨਜਨਕ ਸਸਕਾਰ ਕਰਨ ਜਾਂ ਦਫਨਾਉਣ ਦੇ ਮੁੱਦੇ ਉਤੇ ਸਥਾਨਕ ਸਰਕਾਰਾਂ ਅਤੇ ਪੰਚਾਇਤ ਵਿਭਾਗ ਰਾਹੀਂ ਹੇਠਲੇ ਪੱਧਰ ਤੱਕ ਹਦਾਇਤਨਾਮਾ ਜਾਂ ਆਰਡੀਨੈਂਸ ਜਾਰੀ ਕੀਤਾ ਜਾਣਾ ਚਾਹੀਦਾ ਤਾਂ ਜੋ ਭਾਰਤੀ ਖ਼ਾਸ ਕਰ ਪੰਜਾਬ ਦੀਆਂ ਸਮਾਜਿਕ ਰਵਾਇਤਾਂ ਨੂੰ ਆਂਚ ਨਾਂ ਆਵੇ ਅਤੇ ਕੋਈ ਵੀ ਸ਼ਹਿਰੀ ਜਾਂ ਪਿੰਡ ਵਾਸੀ ਅਜਿਹੇ ਦੁੱਖ ਦੀ ਘੜੀ ਮੌਕੇ ਕਿਸੇ ਨੂੰ ਵੀ ਸਸਕਾਰ ਜਾਂ ਦਫਨਾਉਣ ਤੋਂ ਮਨਾ ਨਾਂ ਕਰ ਸਕੇ। ਅਜਿਹੀ ਉਲੰਘਣਾ ਲਈ ਜੁਰਮਾਨੇ ਜਾਂ ਜੇਲ੍ਹ ਦੀ ਵਿਵਸਥਾ ਕੀਤੀ ਜਾ ਸਕਦੀ ਹੈ।

ਪੰਜਾਬੀ ਕਲਚਰਲ ਕੌਂਸਲ ਨੇ ਮੰਗ ਕੀਤੀ ਹੈ ਕਿ ਕਿਸੇ ਸਥਿਤੀ ਵਿੱਚ ਪੀੜਤ ਪਰਿਵਾਰ ਵੱਲੋਂ ਮ੍ਰਿਤਕ ਦੇਹ ਦਾ ਸਸਕਾਰ ਨਾਂ ਕਰਨ ਜਾ ਦਫਨਾਉਣ ਤੋਂ ਮਨਾ ਕਰਨ ਦੀ ਸੂਰਤ ਵਿੱਚ ਕੋਈ ਪੱਕੀ ਅਖਤਿਆਰੀ ਕਮੇਟੀ ਕਾਇਮ ਕੀਤੀ ਜਾਵੇ ਜਿਸ ਵਿੱਚ ਇਲਾਕੇ ਦਾ ਕੌਂਸਲਰ/ਨੰਬਰਦਾਰ/ਸਰਪੰਚ ਜਾਂ ਪੰਚਾਇਤ ਮੈਂਬਰ ਆਪਣੇ ਸ਼ਹਿਰ ਜਾਂ ਪਿੰਡ ਵਿੱਚ ਸਸਕਾਰ ਕਰਨ ਜਾਂ ਦਫਨਾਉਣ ਸੰਬੰਧੀ ਅੰਤਿਮ ਰਸਮਾਂ ਨਿਭਾਵੇ। ਇਸ ਤੋਂ ਇਲਾਵਾ ਸੰਬੰਧਤ ਮ੍ਰਿਤਕ ਦਾ ਅੰਤਿਮ ਭੋਗ ਜਾਂ ਰਸਮ ਉਠਾਲਾ/ਚੌਥਾ ਆਦਿ ਕਿਸੇ ਵੀ ਗੁਰਦਵਾਰਾ, ਮੰਦਰ, ਮਸਜਿਦ ਜਾਂ ਚਰਚ ਆਦਿ ਵਿੱਚ ਨਿਭਾਉਣ ਦੀ ਵਿਵਸਥਾ ਪੰਚਾਇਤ ਵਿਭਾਗ ਅਤੇ ਸਥਾਨਕ ਸਰਕਾਰਾਂ ਵਿਭਾਗ ਰਾਹੀਂ ਹੇਠਲੇ ਪੱਧਰ ਉਤੇ ਕਾਇਮ ਕੀਤੀ ਜਾਵੇ।



ਗਰੇਵਾਲ ਨੇ ਕਿਹਾ ਕਿ ਆਮ ਲੋਕ ਇਸ ਵਾਇਰਸ ਦੇ ਫੈਲਣ ਪ੍ਰਤੀ ਕਾਫ਼ੀ ਖ਼ੌਫ਼ਜ਼ਦਾ ਹਨ ਅਤੇ 'ਸਮਾਜਿਕ ਦੂਰੀ' ਰੱਖਣ ਦੇ ਨਾਅਰੇ ਨੇ ਅਸਲ ਮਾਅਨਿਆਂ ਵਿੱਚ ਪੁਸ਼ਤੈਨੀ ਨੇੜਤਾ ਨੂੰ ਖੋਰਾ ਲਾਇਆ ਹੈ। ਇਸ ਕਰਕੇ ਇਸ ਨਾਅਰੇ ਦੀ ਥਾਂ 'ਆਪਸੀ ਜਾਂ ਸਰੀਰਕ ਦੂਰੀ' ਦਾ ਨਾਮ ਦਿੱਤਾ ਜਾਵੇ। ਉਨਾਂ ਕਿਹਾ ਕਿ ਇਸ ਤੋਂ ਇਲਾਵਾ ਸਿਹਤ ਵਿਭਾਗ ਦੇ ਮਾਹਿਰਾਂ ਰਾਹੀ ਦੁਵੱਲੀ ਵਿਸ਼ਵਾਸ ਬਹਾਲੀ ਕਰਨ ਅਤੇ ਲੋਕਾਂ ਨੂੰ ਭਾਈਚਾਰਕ ਸਾਂਝਾਂ ਕਾਇਮ ਰੱਖਣ ਲਈ ਉਤਸ਼ਾਹਿਤ ਕੀਤਾ ਜਾਵੇ।

# ਗੁਰਦੁਆਰਾ ਮਜਨੂੰ ਕਾ ਟਿੱਲਾ ਵਿਰੁੱਧ ਪਰਚਾ ਕੇਜਰੀਵਾਲ ਦੀ ਸਿੱਖ ਵਿਰੋਧੀ ਸੋਚ ਦਾ ਪ੍ਰਮਾਣ : ਭਾਈ ਲੌਂਗੋਵਾਲ

## ਕਿਹਾ, ਦਿੱਲੀ ਸਰਕਾਰ ਘੱਟ ਗਿਣਤੀਆਂ ਨੂੰ ਦਬਾਉਣ ਕਰ ਰਹੀ ਹੈ ਯਤਨ

ਅੰਮ੍ਰਿਤਸਰ, 7 ਅਪ੍ਰੈਲ (ਗਿਆਨ ਸਿੰਘ ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦਿੱਲੀ ਸਥਿਤ ਗੁਰਦੁ-ਆਰਾ ਮਜਨੂੰ ਕਾ ਟਿੱਲਾ ਦੇ ਪ੍ਰਬੰਧਕਾਂ ਵਿਰੁੱਧ ਦਿੱਲੀ ਦੀ ਕੇਜਰੀਵਾਲ ਸਰਕਾਰ ਵੱਲੋਂ ਦਰਜ਼ ਕਰਵਾਏ ਗਏ ਝੂਠੇ ਪਰਚੇ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਹ ਕਾਰਵਾਈ ਅਰਵਿੰਦ ਕੇਜਰੀਵਾਲ ਦੀ ਸਿੱਖ ਵਿਰੋਧੀ ਸੋਚ ਦਾ ਪ੍ਰਮਾਣ ਹੈ। ਦਿੱਲੀ ਸਰਕਾਰ ਵੱਲੋਂ ਘੱਟ ਗਿਣਤੀਆਂ ਨੂੰ ਦਬਾਉਣ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸਮੁੱਚਾ ਵਿਸ਼ਵ ਭਿਆਨਕ ਮਹਾਮਾਰੀ ਨਾਲ ਲੜ ਰਿਹਾ ਹੈ ਤਾਂ ਅਜਿਹੇ ਵਿਚ ਲੋੜਵੰਦਾਂ ਲਈ ਕੰਮ ਕਰ ਰਹੀਆਂ ਸਿੱਖ ਸੰਸਥਾਵਾਂ ਨੂੰ ਜਾਣਬੁਝ ਕੇ ਨਿਸ਼ਾਨਾ ਬਣਾਉਣਾ ਮੰਦਭਾਗੀ ਗੱਲ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਬੇਹੱਦ ਸੰਜੀਦਾ ਦੌਰ ਵਿਚ ਵੀ ਆਮ ਆਦਮੀ ਪਾਰਟੀ ਵੱਲੋਂ ਰਾਜਨੀਤੀ ਕੀਤੀ ਜਾ ਰਹੀ ਹੈ ਅਤੇ ਆਪਣੀਆਂ ਗਲਤੀਆਂ ਦਾ ਦੋਸ਼ ਹੋਰਨਾਂ ਸਿਰ ਮੜਨ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਦਿੱਲੀ ਅਤੇ ਪੰਜਾਬ ਸਰਕਾਰ ਕਰਫਿਊ ਦੌਰਾਨ ਫਸੇ ਲੋਕਾਂ ਨੂੰ ਘਰ ਭੇਜਣ ਦਾ ਪ੍ਰਬੰਧ ਕਰਦੀ, ਜਦਕਿ ਉਲਟਾ ਗੁਰੂ ਘਰ ਆਸ ਨਾਲ ਆਏ ਲੋਕਾਂ ਦੀ ਮੱਦਦ ਕਰਨ ਲਈ ਸਿੱਖ ਸੰਸਥਾ 'ਤੇ ਪਰਚਾ ਦਰਜ਼ ਕਰ ਦਿੱਤਾ ਗਿਆ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਹਰ ਸ਼ਹਿਰ ਅੰਦਰ ਹੀ ਬਹੁਤ ਸਾਰੇ ਅਜਿਹੇ ਲੋਕ ਹਨ ਜੋ ਕਰਫਿਊ ਕਾਰਨ ਫਸੇ ਹੋਏ ਹਨ ਅਤੇ ਅਜਿਹੇ ਵਿਚ ਉਹ ਗੁਰੂ ਘਰਾਂ ਵਿਚ ਆਸ ਨਾਲ ਆ ਰਹੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਵੀ ਪ੍ਰਸ਼ਾਸਨ ਦੀ ਆਗਿਆ ਨਾਲ ਸੈਂਕੜੇ ਲੋਕਾਂ ਨੂੰ ਉਨ੍ਹਾਂ ਦੇ ਘਰੀਂ ਪਹੁੰਚਾਇਆ ਗਿਆ ਹੈ। ਦਿੱਲੀ ਦੇ ਲੋਕਾਂ ਨੂੰ ਵੀ ਬੱਸਾਂ ਰਾਹੀਂ ਪੰਜਾਬ ਤੋਂ ਭੇਜਿਆ ਗਿਆ। ਇਸੇ ਤਹਿਤ ਹੀ ਸ਼੍ਰੋਮਣੀ ਕਮੇਟੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਪ੍ਰਵਾਨਗੀ ਨਾਲ ਦਿੱਲੀ ਤੋਂ ਫਸੇ ਲੋਕਾਂ ਨੂੰ ਰਾਹਤ ਦਿੰਦਿਆਂ ਪੰਜਾਬ ਲਿਆਂਦਾ। ਇਸ ਮਗਰੋਂ ਵੀ ਹੋਰ ਲੋਕਾਂ ਨੂੰ ਪੰਜਾਬ ਭੇਜਣ ਲਈ ਦਿੱਲੀ ਕਮੇਟੀ ਨੇ ਯਤਨ ਕੀਤਾ ਤੇ ਪ੍ਰਵਾਨਗੀ ਮੰਗੀ, ਪਰ ਉਨ੍ਹਾਂ ਨੂੰ ਆਗਿਆ ਨਾ ਦਿੱਤੀ ਗਈ। ਹੈਰਾਨੀਜਨਕ ਤੱਥ ਤਾਂ ਇਹ ਹੈ ਕਿ ਉਲਟਾ ਗੁਰਦੁਆਰਾ ਪ੍ਰਬੰਧਕਾਂ 'ਤੇ ਝੂਠਾ ਪਰਚਾ ਦਰਜ਼ ਕਰ ਦਿੱਤਾ ਗਿਆ। ਦਿੱਲੀ ਦੀ ਕੇਜਰੀਵਾਲ ਸਰਕਾਰ ਦਾ ਇਹ ਵਤੀਰਾ ਮਾਨਵ ਸੇਵਾ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਸਿੱਖ ਸੰਸਥਾਵਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਨ ਦੀ ਥਾਂ ਉਲਟਾ ਗੁਰਦੁਆਰਾ ਪ੍ਰਬੰਧਕਾਂ ਵਿਰੁੱਧ ਹੀ ਝੂਠੇ ਪਰਚੇ ਦਰਜ਼ ਕਰ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਹ ਉਸ ਦੀ ਸਿੱਖ ਵਿਰੋਧੀ ਮਨਸ਼ਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸ ਸਬੰਧੀ ਦਿੱਲੀ ਦੇ ਮੁੱਖ ਮੰਤਰੀ ਨੂੰ ਤਰੁੰਤ ਮੁਆਫੀ ਮੰਗਣੀ ਚਾਹੀਦੀ ਹੈ।

# ਕੈਪਟਨ ਅਮਰਿੰਦਰ ਸਿੰਘ ਸੂਬੇ ਵਿੱਚ ਚੱਲ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰੇ ਲਈ ਆਲ ਪਾਰਟੀ ਮੀਟਿੰਗ ਤੁਰੰਤ ਬਲਾਉਣ : ਬ੍ਰਹਮਪੁਰਾ



ਚੰਡੀਗੜ੍ਹ 7 ਅਪ੍ਰੈਲ (ਗਿਆਨ ਸਿੰਘ) ਪੰਜਾਬ ਕਾਂਗਰਸ ਸਰਕਾਰ ਨੂੰ ਰਾਜ ਵਿਚ ਕੋਰੋਨਾਵਾਇਰਸ ਦੇ ਮੱਦੇਨਜ਼ਰ ਕਿਸਾਨਾਂ ਦੀਆਂ ਫਸਲਾਂ ਦੀ ਖਰੀਦ 'ਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ ਕਿਉਂਕਿ ਕਣਕ ਦੀ ਵਾਢੀ ਦੇ ਦਿਨ ਨੇੜੇ ਹਨ ਅਤੇ ਇਸ ਦੌਰਾਨ ਮਜ਼ਦੂਰਾਂ ਅਤੇ ਕੰਬਾਈਨ ਮਸ਼ੀਨਾਂ ਦੀ ਭਾਰੀ ਘਾਟ ਹੈ ਜੋ ਕਿਸਾਨਾਂ ਲਈ ਮੁਸੀਬਤ ਬਣ ਚੁੱਕੀ ਹੈ ਅਜਿਹੇ ਵਿੱਚ ਹੁਣ ਪੰਜਾਬ ਕਾਂਗਰਸ ਸਰਕਾਰ ਦੀ ਇਹ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਬਿਨਾਂ ਕਿਸੇ ਦੇਰੀ ਤੋਂ ਕਿਸਾਨਾਂ ਦੇ ਮੁੱਦਿਆਂ ਦਾ ਹੱਲ ਕਰੇ।

ਅੱਜ ਪਾਰਟੀ ਮੁੱਖ ਦਫ਼ਤਰ ਤੋਂ ਪ੍ਰੈਸ ਬਿਆਨ ਜਾਰੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕੋਰੋਨਾ ਵਾਇਰਸ ਦੇ ਵਧ ਰਹੇ ਪ੍ਰਕੋਪ ਦੇ ਮੱਦੇਨਜ਼ਰ ਰਾਜ ਵਿੱਚ ਕਿਸਾਨੀ ਅਤੇ ਆਮ ਲੋਕਾਂ ਨੂੰ ਦਰਪੇਸ਼ ਮਸਲਿਆਂ ਦੇ ਹੱਲ ਕਰਨ ਲਈ ਤੁਰੰਤ ਸਰਬ ਪਾਰਟੀ ਮੀਟਿੰਗ ਸੱਦਣ ਲਈ ਕਿਹਾ ਹੈ। ਉਨਾਂ ਕਿਹਾ ਕਿ ਪੰਜਾਬ ਕਾਂਗਰਸ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਕਰੋਨਾ ਵਾਇਰਸ ਦੇ ਵੱਧ ਰਹੇ ਪ੍ਰਕੋਪ ਦੇ ਔਖੇ ਸਮੇਂ ਵਿਚ ਸਾਰੀਆਂ ਧਿਰਾਂ ਨੂੰ ਇਕਜੁੱਟ ਹੋ ਕੇ ਚਰਚਾ ਕਰਨੀ ਚਾਹੀਦੀ ਹੈ ਤਾਂ ਜੋ ਰਾਜਸੀ ਫਾਇਦਿਆਂ ਤੋਂ ਉਪਰ ਉਠ ਕੇ ਪੰਜਾਬ ਦੇ ਲੋਕਾਂ ਨੂੰ ਲਾਭ ਪਹੁੰਚ-ਾਇਆ ਜਾ ਸਕੇ।

ਬ੍ਰਹਮਪੁਰਾ ਕਿਹਾ ਕਿ ਹੁਣ ਜਦੋਂ ਕਟਾਈ ਅਤੇ ਕਣਕ ਦੀ ਖ਼ਰੀਦ ਦਾ ਸੀਜ਼ਨ ਨੇੜੇ ਹੈ ਤਾਂ ਅਜਿਹੇ ਵਿਚ ਪੰਜਾਬ ਕਾਂਗਰਸ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਖ਼ਰੀਦ ਕੀਤੇ ਜਾਣ ਵਾਲੇ ਅਨਾਜ ਦੀ ਲਿਫਟਿੰਗ ਲਈ ਹਰ ਸੰਭਵ ਪ੍ਰਬੰਧ ਕੀਤਾ ਜਾਵੇ ਤਾਂ ਜੋ ਕਿਸਾਨ ਭਰਾਵਾਂ ਨੂੰ ਕੋਈ ਮੁਸ਼ਕਲ ਨਾ ਹੋਵੇ। ਕੋਰੋਨਾ ਵਾਇਰਸ ਦੇ ਮੱਦੇਨਜ਼ਰ, ਆਮ ਲੋਕਾਂ ਨੂੰ ਦੇਸ਼ ਅਤੇ ਰਾਜ ਵਿੱਚ ਸਖ਼ਤ ਕਰਫ਼ਿਊ ਤਾਲਾਬੰਦੀ ਦੌਰਾਨ ਜ਼ਰੂਰੀ ਵਸਤਾਂ ਜਿਵੇਂ ਕਿ ਫ਼ਲ-ਸਬਜ਼ੀਆਂ, ਦੁੱਧ ਉਤਪਾਦਾਂ ਅਤੇ ਦਵਾਈਆਂ ਆਦਿ ਪ੍ਰਾਪਤ ਕਰਨ ਲਈ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਦੌਰਾਨ ਵੱਡੀ ਤਬਦੀਲੀ ਕੁੱਝ ਕਾਲੇ ਮਾਫ਼ੀਆ ਲੋਕਾਂ ਦੁਆਰਾ ਕੀਤੀ ਜਾ ਰਹੀ ਹੈ ਜਿਸ ਲਈ ਆਮ ਲੋਕਾਂ ਨੂੰ ਸ਼ਰਿਆਮ ਲੁੱਟਿਆ ਜਾ ਰਿਹਾ ਹੈ ਇਸ ਕਾਰਨ ਪੰਜਾਬ ਕਾਂਗਰਸ ਸਰਕਾਰ ਨੂੰ ਆਲ ਪਾਰਟੀ ਮੀਟਿੰਗ ਬਲਾਉਣੀ ਚਾਹੀਦੀ ਹੈ ਤਾਂ ਜੋ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਸੁਚਾਰੂ ਢੰਗ ਨਾਲ ਹੱਲ ਕੀਤਾ ਜਾ ਸਕੇ।

ਬ੍ਰਹਮਪੁਰਾ ਨੇ ਮੀਡੀਆ ਨੂੰ ਜਾਰੀ ਇਸ ਪ੍ਰੈਸ ਬਿਆਨ ਵਿੱਚ ਕਿਹਾ ਕਿ ਪੰਜਾਬ ਕਾਂਗਰਸ ਸਰਕਾਰ ਨੂੰ ਤੁਰੰਤ (ਪੀ.ਪੀ.ਈ ਕਿੱਟਾਂ) ਅਤੇ (ਐਨ 95 ਮਾਸਕ) ਅਤੇ ਆਦਿ ਉਪਕਰਣ ਪਹਿਲ ਦੇ ਅਧਾਰ 'ਤੇ ਸਿਹਤ ਸੰਭਾਲ ਅਮਲੇ ਨੂੰ ਮੁਹੱਈਆਂ ਕਰਵਾਇਆ ਜਾਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਸਿਹਤ ਅਧਿਕਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ ਜੋ ਇਸ ਮਹਾਂਮਾਰੀ ਦੇ ਸੰਕਟ ਦੌਰਾਨ ਦਿਨ ਰਾਤ ਦੇਸ਼ ਦੀ ਸੇਵਾ ਕਰ ਰਹੇ ਹਨ। ਇਸ ਤੋਂ ਇਲਾਵਾ, ਜਿਹੜੇ ਮੀਡੀਆ ਦੇ ਖ਼ੇਤਰ ਵਿਚ ਸ਼ਾਮਲ ਹਨ, ਉਨ੍ਹਾਂ ਨੂੰ ਵੀ ਡਾਕਟਰੀ ਉਪਕਰਣਾਂ ਅਤੇ ਕੋਵਿਡ -19 ਦੀ ਮਹਾਂਮਾਰੀ ਨੂੰ ਹਰਾਉਣ ਲਈ ਹਰ ਸੰਭਵ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ। ਇੱਥੇ ਇਹ ਦੱਸਣਾ ਉਚਿਤ ਹੈ ਕਿ ਇਹ ਸਿਰਫ਼ ਮੀਡੀਆ ਵਿਅਕਤੀ ਹਨ ਜੋ ਆਪਣੇ ਘਰਾਂ ਤੋਂ ਦੂਰ ਰਹਿ ਕੇ ਜਨਤਾ ਨੂੰ ਨੂੰ ਮੌਜੂਦਾ ਸਥਿਤੀ ਤੋਂ ਜਾਣੂ ਕਰਵਾਉਂਦੇ ਹਨ।









# ਕਰਫਿਊ ਦੌਰਾਨ ਗਰਭਵਤੀ ਔਰਤ ਦੀ ਮਦਦ ਕਰਨ ਵਾਲੇ ਪੁਲਿਸ ਕ੍ਰਮਚਾਰੀਆਂ ਦੀ ਕੀਤੀ ਪ੍ਰਸੰਸਾ



ਮੋਗਾ 7 ਅਪ੍ਰੈਲ (ਗਿਆਨ ਸਿੰਘ ) ਮੋਗਾ ਦੀ ਗਰਭਵਤੀ ਔਰਤ ਦੀ ਸਫਲਤਾ ਪੂਰਵਕ ਡਲਿਵਰੀ ਕਰਾਉਣ ਵਿਚ ਮਦਦ ਕਰਨ ਲਈ ਏ.ਐਸ.ਆਈ. ਬਿਕਰ ਸਿੰਘ ਅਤੇ ਸਿਪਾਹੀ ਸੁਖਜਿੰਦਰ ਸਿੰਘ ਦੇ ਡਿਊਟੀ ਸਥਾਨ ਤੇ ਪਹੁੰਚ ਕੇ ਡਿਪਟੀ ਕਮਿਸ਼ਨਰ ਮੋਗਾ ਸ਼੍ਰੀ ਸੰਦੀਪ ਹੰਸ ਅਤੇ ਐਸ.ਐਸ.ਪੀ ਮੋਗਾ ਸ਼੍ਰੀ ਹਰਮਨਬੀਰ ਸਿੰਘ ਗਿੱਲ ਨੇ ਧਰਮਕੋਟ ਵਿਖੇ ਪਿਛਲੇ ਦਿਨੀ ਉਹਨਾ ਨੂੰ ਵਧਾਈ ਦਿਤੀ ਅਤੇ ਥੱਪ-ਥਪਾਇਆ ਤੇ ਭਵਿੱਖ ਵਿਚ ਮਨੁੱਖਤਾ ਪ੍ਰਤੀ ਹੋਰ ਵਧੀਆ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਸ਼੍ਰੀ ਹਰਮਨਬੀਰ ਸਿੰਘ ਗਿੱਲ ਐਸ.ਐਸ.ਪੀ ਮੋਗਾ ਨੇ ਦੱਸਿਆ ਕਿ ਮੋਗਾ ਜ਼ਿਲ੍ਹੇ ਅੰਦਰ 4 ਮਰੀਜਾਂ ਦੀਆਂ ਕਰੋਨਾ ਵਾਈਰਸ ਰਿਪੋਰਟਾਂ ਪਾਜੀਟਿਵ ਆਈਆਂ ਹਨ। ਜਿੰਨ੍ਹਾਂ ਦੀ ਉਮਰ 24, 25, 26, ਅਤੇ 64 ਸਾਲ ਹੈ। ਇਹ ਚਾਰੋ ਮਰੀਜ਼ ਬਿਲਕੁਲ ਸਿਹਤਮੰਦ ਹਨ ਅਤੇ ਆਈਸੋਲੇਸ਼ਨ ਕੇਦਰ ਵਿਖੇ ਦਾਖਲ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਅਫਵਾਹਾਂ ਤੋ ਬਚ ਕੇ ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋ ਜਾਰੀ ਹਦਾਇਤਾਂ ਦੀ ਪਾਲਣਾ ਕਰਕੇ ਇਸਦੇ ਪ੍ਰਭਾਵ ਨੂੰ ਘੱਟ ਕਰਨ ਵਿੱਚ ਸਹਿਯੋਗ ਦੇਣ। ਉਨ੍ਹਾਂ ਦੱਸਿਆ ਕਿ ਇਹ ਸਾਰੇ ਮਰੀਜ ਬਾਂਦਰਾ (ਮੁੰਬਈ) ਤੋ ਮੋਗਾ ਆਏ ਅਤੇ 23 ਮਾਰਚ ਨੂੰ ਪਿੰਡ ਚੀਦਾ ਬਾਘਾਪੁਰਾਣਾ ਵਿਖੇ ਪੁੱਜੇ। ਜਿੱਥੇ ਉਹ ਰਹਿ ਰਹੇ ਸਨ।

ਸੀਨੀਅਰ ਕਪਤਾਨ ਕਪਤਾਨ ਪੁਲਿਸ ਨੇ ਮੋਗਾ ਵਾਸੀਆ ਨੂੰ ਅਪੀਲ ਕੀਤੀ ਹੈ ਕਿ ਹੁਣ ਤੱਕ ਆਪਣੇ ਜਿਲ੍ਹਾ ਦੇ ਕਰੋਨਾ ਪਾਜੀਟਵ ਜੀਰੋ ਸੀ ਪਰ 4 ਵਿਅਕਤੀਆਂ ਵਿੱਚ ਕਰੋਨਾ ਵਾਈਰਸ ਪਾਜੀਟਵ ਪਾਇਆ ਗਿਆ ਹੈ ਹੁਣ ਮੋਗਾ ਵਾਸੀ ਹੋਰ ਵੀ ਸੁਚੇਤ ਹੋਣ ਤੇ ਆਪਣੇ ਘਰਾ ਵਿੱਚ ਰਹਿਣ। ਉਨ੍ਹਾਂ ਦੱਸਿਆ ਕਿ ਪਿੰਡ ਚੀਦਾ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਹੈ ਤਾਂ ਕਿ ਇਸ ਪਿੰਡ ਵਿੱਚੋ ਕਰੋਨਾ ਦੀ ਚੇਨ ਨੂੰ ਤੋੜਿਆ ਜਾ ਸਕੇ।

ਸ਼੍ਰੀ ਹਰਮਨਬੀਰ ਸਿੰਘ ਗਿੱਲ ਐਸ.ਐਸ.ਪੀ ਮੋਗਾ ਜੀ ਨੇ ਦੱਸਿਆ ਕਿ ਜੋ ਪ੍ਰਵਾਸੀ ਜਿਲ੍ਹਾ ਮੋਗਾ ਵਿੱਚ ਵੱਖ-ਵੱਖ ਰਾਜਾਂ ਤੋ ਕੰਮ ਕਰਨ ਲਈ ਆਏ ਸੀ ਉਹਨਾ ਨੂੰ ਸ਼ੈਲਟਰ ਹੋਮ ਰਾਧਾ ਸਵਾਮੀ ਡੇਰਾ ਬਿਆਸ ਲੰਡੇ ਕੇ ਮੋਗਾ ਵਿਖੇ ਠਹਿਰਾਇਆ ਗਿਆ ਹੈ ਜਿਥੇ ਇਹਨਾ ਪ੍ਰਵਾਸੀਆ ਨੂੰ ਖਾਣ ਲਈ ਭੋਜਣ(ਫ਼ਲ-ਫਰੂਟ) ਦਵਾਈਆ ਅਤੇ ਹੋਰ ਸਹੂਲਤਾ ਦਿੱਤੀਆ ਜਾ ਰਹੀਆ ਹਨ। ਸ਼੍ਰੀ ਕੁਲਜਿੰਦਰ ਸਿੰਘ ਡੀ.ਐਸ.ਪੀ. ਹੈਡਕੁਟਅਰ ਨੇ ਸ਼ੈਲਟਰ ਹੋਮ ਵਿੱਚ ਜਾ ਕੇ ਪ੍ਰਵਾਸੀਆ ਨੂੰ ਯੋਗਾ ਕਰਵਾਇਆ ਅਤੇ ਉਹਨਾ ਦਾ ਹਾਲ ਚਾਲ ਪੁਛਿਆ ਜਿਨ੍ਹਾਂ ਨੇ ਦੱਸਿਆ ਕਿ ਅਸੀ ਸਾਰੇ ਬਹੁਤ ਹੀ ਖੁਸ ਹਾ ਤੇ ਠੀਕ ਹਾ। ਸ਼੍ਰੀ ਕੁਲਜਿੰਦਰ ਸਿੰਘ ਡੀ.ਐਸ.ਪੀ. ਹੈਡਕੁਟਅਰ ਨੇ ਉਹਨਾ ਨੂੰ ਇਹ ਭਰੋਸਾ ਦਵਾਇਆ ਕਿ ਜਲਦ ਹੀ ਹਲਾਤ ਕਾਬੂ ਵਿੱਚ ਆਉਣ ਤੇ ਉਹਨਾ ਨੂੰ ਉਹਨਾ ਦੇ ਘਰਾ ਵਿੱਚ ਸਰੱਖਿਅਤ ਪਹੁੰਚਾਇਆ ਜਾਵੇਗਾ।

ਡੀ.ਐਸ.ਪੀ(ਸ਼ਪੈਸ਼ਲ ਕਰਾਇਮ) ਸੁਖਵਿੰਦਰ ਸਿੰਘ ਨੇ ਪ੍ਰੀਤ ਨਗਰ ਮੋਗਾ ਵਿਚ 100 ਦੇ ਕਰੀਬ ਘਰ-ਘਰ ਜਾ ਕੇ ਉਥੋ ਦੇ ਨਿਵਾਸੀਆ ਨੂੰ ਸਮਝਾਇਆ ਕਿ ਕੋਈ ਵੀ ਘਰੋ ਬਾਹਰ ਨਾ ਨਿਕਲੇ। ਅਗਰ ਕਿਸੇ ਨੇ ਕੋਈ ਖਾਣਾ ਜਾ ਹੋਰ ਜਰੂਰੀ ਸਮਾਨ ਲੈਣਾ ਹੈ ਤਾ ਉਹ ਇਕੱਲਾ-ਇਕੱਲਾ ਬਾਹਰ ਜਾ ਕੇ ਸਮਾਨ ਲਵੇ ਅਤੇ ਕੋਈ ਵੀ ਇਕੱਠ ਨਾ ਕਰੇ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ




- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA

CPA CHARTERED PROFESSIONAL ACCOUNTANTS



Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741



ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ
ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਹਾਈ ਕਮਿਸ਼ਨਰ ਅਜੇ ਵਿਸਾਰੀਆ ਨੇ ਕੋਵਿਡ-19 ਦੀ ਮਹਾਂਮਾਰੀ ਮੌਕੇ ਲਾਮਬੰਦ ਕੀਤੀਆਂ ਕੈਨੇਡਾ ’ਚ ਭਾਰਤੀ ਮੂਲ ਦੀਆਂ ਸੰਸਥਾਵਾਂ

...ਪੰਨਾ 1 ਦਾ ਬਾਕੀ

ਇਸ ਗੱਲਬਾਤ ਦੌਰਾਨ ਜਿਥੇ ਇੰਡੋ ਕੈਨੇਡਾ ਚੈਂਬਰ ਆਫ਼ ਕਮਰਸ, ਕੈਨੇਡਾ ਇੰਡੀਆ ਫਰੈਂਡਸ਼ਿਪ ਫੋਰਮ ਤੇ ਵੱਖ-ਵੱਖ ਹਿੰਦੂ ਸਮਾਜ ਸੇਵੀ ਸੰਸਥਾਵਾਂ ਨੇ ਇਸ ਆਪਾਤਕਾਲ ਦੌਰਾਨ ਜਿਥੇ ਆਪਣੇ ਕੰਮਾਂ ਬਾਰੇ ਅਤੇ ਆਪਣੀਆਂ ਸੇਵਾਵਾਂ ਬਾਰੇ ਦੱਸਿਆ, ਉਸ ਦੇ ਨਾਲ-ਨਾਲ ਟੋਰਾਂਟੋ ਤੋਂ ਚੱਲ ਰਹੀ ਪੰਜਾਬੀ ਫੂਡ ਸੇਵਾ ਦੀ ਵਿਸ਼ੇਸ਼ ਤੌਰ ’ਤੇ ਸ਼ਲਾਘਾ ਹੋਈ।

ਜਗਦੀਸ਼ ਗਰੇਵਾਲ ਤੇ ਜੁਗਰਾਜ ਸਿੱਧੂ ਨੇ ਹਾਈ ਕਮਿਸ਼ਨਰ ਸ਼੍ਰੀ ਅਜੇ ਵਿਸਾਰੀਆ ਨੂੰ ਆਪਣੇ ਬਾਰੇ ਜਾਣ ਪਹਿਚਾਣ ਕਰਵਾਉਂਦਿਆਂ ਦੱਸਿਆ ਕਿ ਹੁਣ ਤੱਕ ਪੰਜਾਬੀ ਫੂਡ ਸੇਵਾ ਵਲੋਂ ਕਿਸ ਤਰ੍ਹਾਂ 5-6 ਹਜ਼ਾਰ ਦੇ ਕਰੀਬ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਤੇ ਲੋੜਵੰਦ ਪਰਿਵਾਰਾਂ ਦੀ ਮਦਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕਈ ਲੱਖਾਂ ਡਾਲਰ ਦੀ ਗ੍ਰਾਸਰੀ ਦਿੱਤੀ ਜਾ ਚੁੱਕੀ ਹੈ ਅਤੇ ਇਸ ਲਈ ਦਰਵਾਜੇ ਖੋਲਿਆਂ ਨੂੰ ਪੂਰੇ 18 ਦਿਨ ਹੋ ਚੁੱਕੇ ਹਨ। ਇਸ ਦੌਰਾਨ ਨਾ ਤਾਂ ਖਾਣਾ ਦੇਣ ਵਾਲਿਆਂ ਦੀ ਘਾਟ ਆ ਰਹੀ ਹੈ ਤੇ ਨਾਲ ਹੀ ਇਕ ਲੰਬੀ ਕਤਾਰ ਖਾਣਾ ਲੈਣ ਵਾਲਿਆਂ ਦੀ ਲੱਗੀ ਹੋਈ ਹੈ। ਇਸ ਗੱਲਬਾਤ ਦੌਰਾਨ ਅੰਤਰਰਾਸ਼ਟਰੀ ਵਿਦਿਆਰਥੀ, ਜੋ ਖੁਦ ਵਲੰਟੀਅਰ ਦੇ ਤੌਰ ’ਤੇ ਅੱਗੇ ਆਏ, ਉਨ੍ਹਾਂ ਦੀ ਵੀ ਸ਼ਲਾਘਾ ਹੋਈ ਤੇ ਉਹ ਹੀ ਅੱਗੇ ਜਾ ਕੇ ਵੱਖ-ਵੱਖ ਵਿਦਿਆਰਥੀ ਵਰਗਾਂ ਨੂੰ ਮਦਦ ਪਹੁੰਚਾ ਰਹੇ ਹਨ। ਜਗਦੀਸ਼ ਗਰੇਵਾਲ ਤੇ ਜੁਗਰਾਜ ਸਿੱਧੂ ਨੇ ਦੱਸਿਆ ਕਿ ਟੋਰਾਂਟੋ ਤੋਂ 3 ਤੋਂ 4 ਘੰਟੇ ਦੀ ਦੂਰੀ ਤੱਕ ਕੋਈ ਵੀ ਗਰੁੱਪ, ਜਿਸ ਨੂੰ ਗ੍ਰਾਸਰੀ ਜਾਂ ਹੋਰ ਵਸਤਾਂ ਦੀ ਜਰੂਰਤ ਹੈ ਤਾਂ ਉਸ ਦੀ ਇਕ ਦਿਨ ਦੇ ਵਿਚ ਵਿਚ ਡਿਲੀਵਰੀ ਕੀਤੀ ਜਾਵੇਗੀ। ਉਨ੍ਹਾਂ ਬਾਕੀ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਜੋ ਵੀ ਗ੍ਰੇਟਰ ਟੋਰਾਂਟੋ ਏਰੀਆ ਜਾਂ ਫੇਰ ਓਂਟਾਰੀਓ ਵਿਚ ਜੋ ਵੀ ਸੰਸਥਾਵਾਂ ਹਨ, ਉਨ੍ਹਾਂ ਨੂੰ ਸੰਸਥਾ ਦੇ ਤੌਰ ’ਤੇ ਵੀ ਕਿਸੇ ਤਰ੍ਹਾਂ ਦੀ ਜਰੂਰਤ ਹੋਵੇ ਤਾਂ ਪੰਜਾਬੀ ਫੂਡ ਸੇਵਾ ਨਾਲ ਸੰਪਰਕ ਕਰਕੇ ਇਥੋਂ ਉਹ ਗ੍ਰਾਸਰੀ ਲਿਜਾ ਸਕਦੇ ਹਨ। ਇਸੇ ਤਰ੍ਹਾਂ ਵਿਦਿਆਰਥੀਆਂ ਨੂੰ ਪੈਰਾਲੀਗਲ ਸਰਵਿਸਜ਼ ਫ੍ਰੀ ਮੁਹੱਈਆ ਕਰਵਾਉਣ ਦੀ ਜਾਂ ਫੇਰ ਜੋ ਸਰਕਾਰ ਵਲੋ ਬੈਨੀਫਿਟ ਅਨਾਊਂਸ ਕੀਤੇ ਗਏ ਹਨ, ਉਸ ਬਾਰੇ ਕੋਈ ਪ੍ਰੋਫੈਸ਼ਨਲ ਹੈਲਪ ਦੀ ਜਰੂਰਤ ਹੈ, ਉਹ ਦੇ ਲਈ ਵੀ ਪੰਜਾਬੀ ਫੂਡ ਸੇਵਾ ਨੇ ਮੁਫ਼ਤ ਸਰਵਿਸ ਦੇਣ ਦੀ ਗੱਲ ਸਾਂਝੀ ਕੀਤੀ। ਅਜੇ ਵਿਸਾਰੀਆ ਜੀ ਵਲੋਂ ਇਸ ਉਦਮ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਥੇ ਭਾਰਤ ਸਰਕਾਰ ਆਪਣੇ ਨਾਗਰਿਕਾਂ ਦੀ ਪੂਰੀ ਤਰ੍ਹਾਂ ਸਿਹਤਯਾਬੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਕੰਮ ਕਰ ਰਹੀ ਹੈ, ਉਸ ਦੇ ਨਾਲ-ਨਾਲ ਉਨ੍ਹਾਂ ਇਥੇ ਬੈਠੀਆਂ ਸਮਾਜ ਸੇਵੀ ਸੰਸਥਾਵਾਂ ਦਾ ਵੀ ਧੰਨਵਾਦ ਕੀਤਾ, ਜੋ ਇਸ ਕੰਮ ’ਚ ਜੁਟੀਆਂ ਹੋਈਆਂ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਐਨ.ਆਰ.ਆਈਜ਼ ਦੀ ਮਦਦ ਪਹਿਲ ਦੇ ਆਧਾਰ ’ਤੇ ਕੀਤੀ ਜਾ ਰਹੀ ਹੈ : ਏ.ਡੀ.ਜੀ.ਪੀ. ਸ਼੍ਰੀ ਵਰਿੰਦਰ ਕੁਮਾਰ

...ਪੰਨਾ 1 ਦਾ ਬਾਕੀ

ਉਨ੍ਹਾਂ ਦੱਸਿਆ ਕਿ ਜਰਮਨ, ਮਲੇਸ਼ੀਆ, ਨਿਊਜ਼ੀਲੈਂਡ ਤੇ ਹੋਰਨਾਂ ਮੁਲਕਾਂ ਦੇ ਵਸਨੀਕ ਕਾਫ਼ੀ ਹੱਦ ਤੱਕ ਜਾ ਚੁੱਕੇ ਹਨ, ਪਰ ਅਜੇ ਕੈਨੇਡੀਅਨ ਐਨ.ਆਰ.ਆਈਜ਼ ਦਾ ਕੋਈ ਖਾਸ ਪ੍ਰਬੰਧ ਨਹੀਂ ਹੋ ਸਕਿਆ। ਉਨ੍ਹਾਂ ਦੱਸਿਆ ਕਿ ਅਸੀਂ ਪਿੰਡਾਂ ਦੇ ਸਰਪੰਚਾਂ ਤੱਕ ਇਹ ਸੁਨੇਹਾ ਲਾ ਦਿੱਤਾ ਹੈ ਕਿ ਜੇਕਰ ਕੋਈ ਵੀ ਐਨ.ਆਰ.ਆਈ. ਤੁਹਾਡੇ ਕੋਲ ਆਉਂਦਾ ਹੈ ਤਾਂ ਉਸ ਨੂੰ ਤੁਰੰਤ ਕਰਫਿਊ ਤੋਂ ਪਾਸ ਦਿੱਤਾ ਜਾਵੇਗਾ ਤੇ ਉਨ੍ਹਾਂ ਨੂੰ ਸਹੀ ਸਲਾਮਤ ਏਅਰਪੋਰਟ ’ਤੇ ਪਹੁੰਚਾ ਦਿੱਤਾ ਜਾਵੇਗਾ। ਉਨ੍ਹਾਂ ਇਥੋਂ ਤੱਕ ਕਿਹਾ ਕਿ ਭਾਵੇਂ ਕਿਸੇ ਨੇ ਅੰਮ੍ਰਿਤਸਰ, ਮੋਹਾਲੀ ਜਾਂ ਫੇਰ ਦਿੱਲੀ ਤੱਕ ਜਾਣਾ ਹੈ ਤਾਂ ਉਨ੍ਹਾਂ ਨੂੰ ਇਕੋ ਹੀ ਪਾਸ ਮੁਹੱਈਆ ਕਰਵ-ਾਇਆ ਜਾਵੇਗਾ ਤੇ ਪੂਰੀ ਸਿਕਿਓਰਿਟੀ ਨਾਲ ਉਨ੍ਹਾਂ ਨੂੰ ਉਨ੍ਹਾਂ ਦੀ ਬੱਸ ਜਾਂ ਫੇਰ ਜਹਾਜ਼ ਤੱਕ ਪਹੁੰਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੁਲਸ ਪੂਰੀ ਤਰ੍ਹਾਂ ਇਸ ਕੰਮ ਲਈ ਜਾਗਰੂਕ ਹੈ ਤੇ ਇਸ ਕੰਮ ਨੂੰ ਪਹਿਲ ਦੇ ਆਧਾਰ ’ਤੇ ਕਰ ਰਹੀ ਹੈ। ਏ.ਡੀ.ਜੀ.ਪੀ. ਸਰਕਾਰ ਤੇ ਪ੍ਰਸ਼ਾਸਨ ਵਲੋਂ ਲਏ ਗਏ ਉਨ੍ਹਾਂ ਫੈਸਲਿਆਂ ਦੀ ਜ਼ਿਕਰ ਕੀਤਾ, ਜਿਨ੍ਹਾਂ ਨਾਲ ਐਨ.ਆਰ.ਆਈਜ਼ ਨੂੰ ਹਰ ਮਦਦ ਮੁਹੱਈਆ ਕੀਤੀ ਜਾ ਸਕੇ। ਉਨ੍ਹਾਂ ਵਲੋਂ ਦਿੱਤੇ ਗਏ ਇਸ ਬਿਆਨ ਨੇ ਕੈਨੇਡਾ ਦੇ ਕਈ ਰਾਜਨੀਤਿਕ ਆਗੂਆਂ ਨੂੰ ਝੁਠਲਾ ਦਿੱਤਾ ਹੈ, ਜਿਹੜੇ ਪੰਜਾਬ ਅਤੇ ਭਾਰਤ ਦੀ ਸਰਕਾਰ ’ਤੇ ਦੋਸ਼ ਪ੍ਰਤੀ ਦੋਸ਼ ਲਗਾ ਰਹੇ ਸਨ।

## ਨਿਊਟਨ ਸਿੰਘ ਤੇ ਉਨ੍ਹਾਂ ਦੇ ਸਾਥੀ 2 ਹਜ਼ਾਰ ਡਾਲਰ ਦੀ ਟਿਕਟ ਨਾਲ ਕੈਨੇਡੀਅਨ ਪ੍ਰਵਾਸੀਆਂ ਨੂੰ ਪੰਜਾਬ ’ਚੋਂ ਕੱਢਣ ਲਈ ਹਨ ਯਤਨਸ਼ੀਲ

...ਪੰਨਾ 1 ਦਾ ਬਾਕੀ

ਪਰ ਫੇਰ ਵੀ ਉਨ੍ਹਾਂ ਕਿਹਾ ਕਿ ਇਹ ਸਾਰੀਆਂ ਕੋਸ਼ਿਸ਼ਾਂ ਕਰਨ ਤੋਂ ਬਾਅਦ ਆਸ ਦੀ ਇਕ ਕਿਰਨ ਬੱਝੀ ਹੈ ਤੇ ਹੁਣ ਇਕ ਅਜਿਹੀ ਸੰਧੀ ਹੋਣ ਜਾ ਰਹੀ ਹੈ, ਜਿਸ ਤਹਿਤ ਏਅਰ ਕੈਨੇਡਾ ਦੀ ਦਿੱਲੀ ਤੋਂ ਟੋਰਾਂਟੋ ਤੇ ਅੰਮ੍ਰਿਤਸਰ ਤੋਂ ਟੋਰਾਂਟੋ ਸਿੱਧੀ ਫਲਾਈਟ ਦਾ ਉਨ੍ਹਾਂ ਨਾਲ ਸਮਝੌਤਾ ਹੋਵੇਗਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ 6 ਹਜ਼ਾਰ ਦੇ ਕਰੀਬ ਲੋਕਾਂ ਵਲੋਂ ਨਾਮ ਰਜਿਸਟਰਡ ਕਰਵਾ ਦਿੱਤੇ ਗਏ ਹਨ ਤੇ ਇਸ ਦੀ ਟਿਕਟਿੰਗ ਵੀ ਵਲੰਟੀਅਰ ਤੌਰ ’ਤੇ ਇਕ ਏਜੰਟ ਵਲੋਂ ਕੀਤੀ ਜਾਵੇਗੀ। ਇਸ ਲਈ ਦੋ ਦਿਨ ਦੇ ਵਿਚ-ਵਿਚ ਉਨ੍ਹਾਂ ਦੱਸਿਆ ਕਿ ਅਸੀਂ ਇਹ ਖੁਲਾਸਾ ਆਮ ਲੋਕਾਂ ਤੱਕ ਪਹੁੰਚਾ ਦੇਵਾਂਗੇ ਤੇ ਨਾਲ ਦੀ ਨਾਲ ਟਿਕਟ ਖਰੀਦਣ ਲਈ ਨੰਬਰ ਲੋਕਾਂ ਤੱਕ ਪਹੁੰਚਾ ਦਿੱਤਾ ਜਾਵੇਗਾ।

## ਰਾਜਾਂ ਵੱਲੋਂ ਸਿੱਖਿਆ ਅਦਾਰੇ ਤੇ ਧਾਰਮਿਕ ਦੁਆਰੇ 15 ਮਈ ਤਕ ਬੰਦ ਰੱਖਣ ਦੀ ਸਿਫ਼ਾਰਸ਼

ਨਵੀਂ ਦਿੱਲੀ, 7 ਅਪਰੈਲ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੀ ਬਿਮਾਰੀ ਕਾਰਨ ਲੱਗੇ ਲਾਕਡਾਊਨ ਦੀ ਤਰੀਕ ਹੋਰ ਵਧਣ ਦੇ ਸੰਕੇਤ ਹਨ ਅਤੇ ਲੱਗਦਾ ਹੈ ਕਿ 14 ਅਪ੍ਰੈਲ ਤੋਂ ਬਾਅਦ ਵੀ ਕੁਝ ਨਹੀਂ ਖੁੱਲ੍ਹੇਗਾ। ਹਾਲਾਤ ਦੇ ਬਾਰੇ ਮੰਤਰੀਆਂ ਦੇ ਗਰੁੱਪ (ਜੀ ਓ ਐੱਮ) ਦੀ ਅੱਜ ਮੰਗਲਵਾਰ ਹੋਈ ਮੀਟਿੰਗ ਵਿਚ ਲਾਕਡਾਊਨ ਬਾਰੇ ਫ਼ੈਸਲਾ ਨਹੀਂ ਹੋਇਆ, ਪਰ ਵਿੱਦਿਅਕ ਅਦਾਰੇ ਅਤੇ ਧਾਰਮਿਕ ਅਸਥਾਨਾਂ ਨੂੰ 15 ਮਈ ਤਕ ਬੰਦ ਰੱਖਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਜੀ ਓ ਐੱਮ ਨੇ ਸ਼ਾਪਿੰਗ ਮਾਲ ਵੀ 14 ਅਪ੍ਰੈਲ ਤੋਂ ਬਾਅਦ ਚਾਰ ਹਫ਼ਤੇ ਹੋਰ ਬੰਦ ਰੱਖਣ ਲਈ ਕਿਹਾ ਹੈ।

ਅੱਜ ਹੋਈ ਜੀ ਓ ਐੱਮ ਦੀ ਮੀਟਿੰਗ ਪਿੱਛੋਂ ਸਿਹਤ ਮੰਤਰਾਲੇ ਨੇ ਦੱਸਿਆ ਕਿ ਇਸ ਹਫ਼ਤੇ ਦੀ ਸਥਿਤੀ ਦੇਖ ਕੇ ਹੀ ਲਾਕਡਾਊਨ ਬਾਰੇ ਅਗਲਾ ਫ਼ੈਸਲਾ ਲਿਆ ਜਾਵੇਗਾ। ਕੋਰੋਨਾ ਵਾਇਰਸ ਦੇ ਮਰੀਜ਼ਾਂ ਦੀ ਤੇਜ਼ੀ ਨਾਲ ਵਧੀ ਗਿਣਤੀ ਤੇ ਰਾਜਾਂ ਦੀ ਮੰਗ ਕਾਰਨ ਲਾਕਡਾਊਨ 14 ਅਪ੍ਰੈਲ ਤੋਂ ਬਾਅਦ ਵਧਾਇਆ ਜਾ ਸਕਦਾ ਹੈ। ਕੇਂਦਰ ਸਰਕਾਰ ਲਾਕਡਾਊਨ ਨੂੰ ਖ਼ਤਮ ਕਰਨ ਬਾਰੇ ਇਕ ਵੱਡੀ ਯੋਜਨਾ ਉੱਤੇ ਵਿਚਾਰ ਕਰ ਰਹੀ ਹੈ ਤਾਂ ਜੋ ਬਿਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕੇ ਅਤੇ ਦੇਸ਼ ਦੇ ਬਾਕੀ ਹਿੱਸਿਆਂ ਵਿਚ ਆਰਥਿਕ ਸਰਗਰਮੀਆਂ ਸ਼ੁਰੂ ਹੋ ਸਕਣ। ਇਸੇ ਪੱਖ ਤੋਂ ਵਿਚਾਰ ਲਈ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਘਰ ਅੱਜ ਮੰਤਰੀਆਂ ਦੇ ਗਰੁੱਪ (ਜੀ ਓ ਐੱਮ) ਦੀ ਮੀਟਿੰਗ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ, ਸੂਚਨਾ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੜੇਕਰ, ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਵਣਜ ਮੰਤਰੀ ਪੀਯੂਸ਼ ਗੋਇਲ, ਮਨੁੱਖੀ ਸਰੋਤ ਵਿਕਾਸ ਮੰਤਰੀ ਰਮੇਸ਼ ਪੋਖਰਿਆਲ ਨਿਸ਼ੰਕ ਅਤੇ ਖਪਤਕਾਰ ਮਾਮਲਿਆਂ ਦੇ ਮੰਤਰੀ ਰਾਮ ਵਿਲਾਸ ਪਾਸਵਾਨ ਸਮੇਤ ਕਈ ਮੰਤਰੀ ਸ਼ਾਮਲ ਸਨ। ਲੰਮੀ ਵਿਚਾਰ ਦੇ ਬਾਅਦ ਵੀ 14 ਅਪਰੈਲ ਤੋਂ ਬਾਅਦ ਲਾਕਡਾਊਨ ਨੂੰ ਅੱਗੇ ਵਧਾਉਣ ਜਾਂ ਖ਼ਤਮ ਕਰਨ ਦਾ ਕੋਈ ਫ਼ੈਸਲਾ ਨਹੀਂ ਹੋ ਸਕਿਆ। ਸਿਹਤ ਮੰਤਰਾਲੇ ਦੇ ਜਾਇੰਟ ਸੈਕਟਰੀ ਲਵ ਅਗਰਵਾਲ ਨੇ ਦੱਸਿਆ ਕਿ ਸਥਿਤੀ ਉੱਤੇ ਸਰਕਾਰ ਦੀ ਨਜ਼ਰ ਹੈ ਅਤੇ ਅੰਤਿਮ ਸਮੇਂ ਹਾਲਾਤ ਨੂੰ ਦੇਖ ਕੇ ਫ਼ੈਸਲਾ ਲਿਆ ਜਾਵੇਗਾ।

ਪਤਾ ਲੱਗਾ ਹੈ ਕਿ ਦਿੱਲੀ ਦੇ ਸਿਹਤ ਮੰਤਰੀ ਸਤਿੰਦਰ ਜੈਨ ਨੇ ਕੋਰੋਨਾ ਨੂੰ ਰੋਕਣ ਵਿੱਚ ਲਾਕਡਾਊਨ ਨੂੰ ਸਫਲ ਦੱਸ ਕੇ ਇਸ ਦਾ ਫ਼ੈਸਲਾ ਕੇਂਦਰ ਉੱਤੇ ਛੱਡ ਦਿੱਤਾ ਹੈ। ਕੇਰਲ ਨੇ ਲਾਕਡਾਊਨ ਨੂੰ ਅਚਾਨਕ ਖ਼ਤਮ ਕਰਨ ਦੀ ਥਾਂ ਪੜਾਅ ਵਾਰ ਹਟਾਉਣ ਦੀ ਸਲਾਹ ਦਿੱਤੀ ਹੈ। ਮੱਧ ਪ੍ਰਦੇਸ਼, ਰਾਜਸਥਾਨ ਸਮੇਤ ਹੋਰ ਰਾਜ ਵੀ ਲੋੜ ਪੈਣ ਉੱਤੇ ਲਾਕਡਾਊਨ ਵਧਾਉਣ ਜਾਂ ਪੜਾਅ ਵਾਰ ਤਰੀਕੇ ਨਾਲ ਹਟਾਉਣ ਦੇ ਪੱਖ ਵਿਚ ਹਨ। ਸਰਕਾਰ ਲਾਕਡਾਊਨ ਬਾਰੇ ਕੋਈ ਵੀ ਫ਼ੈਸਲਾ ਸਾਰੀਆਂ ਸਿਆਸੀ ਪਾਰਟੀਆਂ ਨਾਲ ਸਲਾਹ ਪਿੱਛੋਂ ਕਰੇਗੀ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਰੇ ਮੁੱਖ ਮੰਤਰੀਆਂ ਨਾਲ ਇਸ ਮੁੱਦੇ ਉੱਤੇ ਦੋ ਵਾਰ ਵੀਡੀਓ ਕਾਨਫਰੰਸ ਵੀ ਕਰ ਚੁੱਕੇ ਹਨ।


## ਲੋਕਾਂ ਦੇ ਘਰਾਂ ਤੱਕ ਪਹੁੰਚਿਆ ਕੈਪਟਨ ਸਰਕਾਰ ਦਾ ਰਾਸ਼ਣ

ਲੁਧਿਆਣਾ, 7 ਅਪ੍ਰੈਲ (ਗਿਆਨ ਸਿੰਘ) ਕਰੋਨਾ ਵਾਇਰਸ ਦੇ ਪ੍ਰਕੋਪ ਦੇ ਚੱਲਦਿਆਂ ਜਿੱਥੇ ਆਮ ਲੋਕ ਘਰਾਂ ਚ ਬੰਦ ਨੇ ਤੇ ਉੱਥੇ ਹੀ ਜ਼ਰੂਰਤਮੰਦ ਲੋਕਾਂ ਨੂੰ ਰਾਸ਼ਨ ਪਹੁੰਚਾਉਣ ਲਈ ਜੋ ਪੰਜਾਬ ਸਰਕਾਰ ਨੇ ਵਾਅਦਾ ਕੀਤਾ ਸੀ ਉਸੇ ਦੇ ਚੱਲਦਿਆਂ ਲੁਧਿਆਣਾ ਦੇ ਹਲਕਾ ਆਤਮ ਨਗਰ ਦੇ ਵਾਰਡ ਨੰਬਰ 41 ਵਿੱਚ 150 ਦੇ ਕਰੀਬ ਜ਼ਰੂਰਤਮੰਦ ਪਰਿਵਾਰਾਂ ਨੂੰ ਵਾਰਡ ਇੰਚਾਰਜ਼ ਰੇਸ਼ਮ ਸੱਗੂ ਵੱਲੋਂ ਰਾਸ਼ਨ ਵੰਡਿਆ ਗਿਆ ਇਸ ਦੌਰਾਨ ਰੇਸ਼ਮ ਸੱਗੂ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਦੇ ਵੱਲੋਂ ਜੋ ਘਰ ਘਰ ਰਾਸ਼ਨ ਪਹੁੰਚਾਉਣ ਦੀ ਮੁਹਿੰਮ ਦੇ ਤਹਿਤ ਰਾਸ਼ਨ ਵੰਡਿਆ ਜਾਣਾ ਸੀ ਉਸੇ ਤਹਿਤ ਕੈਬਨਿਟ ਮੰਤਰੀ ਭਾਰਤ ਭੂਸ਼ਨ ਆਸ਼ੂ ਅਤੇ ਕਮਲਜੀਤ ਸਿੰਘ ਕੜਵਲ ਦੀ ਅਗਵਾਈ ਹੇਠ ਵਾਰਡ ਨੰਬਰ 41 ਦੇ ਵਿੱਚ ਰਾਸ਼ਨ ਵੰਡਿਆ ਗਿਆ ਹੈ ਉਨ੍ਹਾਂ ਕਿਹਾ ਕਿ ਇਹ ਰਾਸ਼ਨ ਹਰੇਕ ਇਲਾਕੇ ਵਿੱਚ ਵੰਡਿਆ ਜਾਣਾ ਹੈਤਾਂ ਕਿ ਕੋਈ ਵੀ ਗ਼ਰੀਬ ਅਤੇ ਜ਼ਰੂਰਤਮੰਦ ਇਨਸਾਨ ਭੁੱਖਾ ਨਾ ਸੁਣ ਸਕੇ ਇਸ ਮੌਕੇ ਪਹੁੰਚੇਸੁਪਰਡੈਂਟ ਪਰਮਿੰਦਰ ਕਾਲੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗ਼ਰੀਬ ਅਤੇ ਜ਼ਰੂਰਤਮੰਦ ਲੋਕਾਂ ਦੀ ਮਦਦ ਦੇ ਲਈਰਾਸ਼ਨ ਭੇਜਿਆ ਗਿਆ ਹੈ ਜੋ ਵੱਖ ਵੱਖ ਇਲਾਕਿਆਂ ਦੇ ਵਿਚ ਵੰਡਿਆ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਅੱਜ ਵੀ ਵਾਰਡ ਨੰਬਰ 41 ਦੇ ਵਿੱਚ ਡੇਢ ਸੌ ਦੇ ਕਰੀਬ ਜ਼ਰੂਰਤਮੰਦ ਲੋਕਾਂ ਨੂੰ ਰਾਸ਼ਨ ਵੰਡਿਆ ਗਿਆ ਇਸ ਮੌਕੇ ਸ਼ਸ਼ੀ ਕੁਮਾਰ ਇੰਦਰਜੀਤ ਸ਼ਰਮਾ ਲਖਵਿੰਦਰ ਸਿੰਘ ਲਾਲੀ ਅਮਰੀਕ ਸਿੰਘ ਘੜਿਆਲ ਸੁਖਵਿੰਦਰ ਸਿੰਘ ਜਗਦੇਵ ਸਿੰਘ ਅਵਤਾਰ ਸਿੰਘ ਤਾਰੀਬੂਥ ਇੰਚਾਰਜ ਹਰਭਜਨ ਸਿੰਘ ਭੱਜੀ ਹਰਵਿੰਦਰ ਸਿੰਘ ਬਿੱਟੂ ਕੁਲਵੰਤ ਸਿੰਘ ਜਗਦੀਪ ਸਿੰਘ ਲੋਟੇ ਕਮਲਜੀਤ ਸਿੰਘ ਘੜਿਆਲ ਆਦਿ ਹਾਜ਼ਰ ਰਹੇ।

## ਲਾਕਡਾਊਨ ਦੀ ਉਲੰਘਣਾ ਨਾਲ ਨਿਊਜ਼ੀਲੈਂਡ ਦੇ ਸਿਹਤ ਮੰਤਰੀ ਦੀ ਕੁਰਸੀ ਗਈ

ਕਰਾਈਸਟਚਰਚ, 7 ਅਪਰੈਲ, (ਪੋਸਟ ਬਿਊਰੋ)- ਨਿਊਜ਼ੀਲੈਂਡ ਸਰਕਾਰ ਜਦੋਂ ਕੋਰੋਨਾ ਵਾਇਰਸ ਦੀ ਮਾਰ ਰੋਕਣ ਲਈ ਸਖਤ ਕਦਮ ਉਠਾ ਰਹੀ ਹੈ ਤੇ ਲਾਕਡਾਊਨ ਦੀ ਪਾਲਣਾ ਨਾ ਕਰਨ ਵਾਲਿਆਂ ਉੱਤੇ ਸਖਤੀ ਵਰਤ ਰਹੀ ਹੈ ਤਾਂ ਸਰਕਾਰ ਦੇ ਲਈ ਓਦੋਂ ਅਜੀਬ ਸਥਿਤੀ ਬਣ ਗਈ, ਜਦੋਂ ਸਿਹਤ ਮੰਤਰੀ ਖੁਦ ਹੀ ਲਾਕਡਾਊਨ ਦੀ ਉਲੰਘਣਾ ਕਰਨ ਦਾ ਦੋਸ਼ੀ ਸਾਬਤ ਹੋ ਗਿਆ। ਪ੍ਰਧਾਨ ਮੰਤਰੀ ਜੇਸਿੰਡਾ ਆਡਰਨ ਨੇ ਸਿਹਤ ਮੰਤਰੀ ਡੇਵਿਡ ਕਲਾਰਕ ਨੂੰ ਮੰਤਰੀ ਮੰਡਲ ਤੋਂ ਕੱਢ ਦਿੱਤਾ ਅਤੇ ਜੂਨੀਅਰ ਰੈਂਕ ਦਾ ਮੰਤਰੀ ਬਣਾ ਦਿੱਤਾ ਹੈ।

ਇਸ ਦੌਰਾਨ ਸਿਹਤ ਮੰਤਰੀ ਡੇਵਿਡ ਕਲਾਰਕ ਨੇ ਆਪਣੀ ਗਲਤੀ ਮੰਨ ਕੇ ਕਿਹਾ ਹੈ ਕਿ ਉਸ ਨੇ ਲਾਕਡਾਊਨ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਸਮੇਂ ਆਪਣੇ ਪਰਿਵਾਰ ਨਾਲ ਘਰ ਰਹਿਣਾ ਚਾਹੀਦਾ ਸੀ ਤਾਂ ਜੋ ਆਮ ਲੋਕਾਂ ਵਿਚ ਚੰਗਾ ਸੰਦੇਸ਼ ਜਾਂਦਾ, ਪਰ ਇਸ ਮੁਸ਼ਕਲ ਸਮੇਂ ਜਦੋਂ ਸਰਕਾਰ ਲੋਕਾਂ ਦੀ ਭਲੇ ਲਈ ਸਖਤ ਕਦਮ ਚੁੱਕ ਰਹੀ ਹੈ ਤਾਂ ਉਨ੍ਹਾਂ ਨੇ ਆਪਣੀ ਟੀਮ ਦਾ ਸਿਰ ਝੁਕਾ ਦਿੱਤਾ ਤੇ ਉਨ੍ਹਾਂ ਨੂੰ ਨਿਰਾਸ਼ ਕੀਤਾ ਹੈ। ਕਲਾਰਕ ਨੇ ਇਸ ਘਟਨਾ ਪਿੱਛੋਂ ਆਪਣੇ ਆਪ ਨੂੰ ਈਡੀਅਟ ਕਿਹਾ, ਪਰ ਨਾਲ ਆਖਿਆ ਕਿ ਉਸ ਨੇ ਸਮੁੰਦਰੀ ਬੀਚ ਉੱਤੇ ਸਿਰਫ 2 ਕਿਲੋਮੀਟਰ ਡਰਾਈਵ ਕੀਤਾ ਸੀ, ਜੋ ਨਿਯਮਾਂ ਦੇ ਅਧੀਨ ਹੈ। ਸਵਾਲ ਇਹ ਉੱਠ ਪਿਆ ਸੀ ਕਿ ਸਰਕਾਰ ਦੇ ਮੰਤਰੀ, ਜਿਸ ਨੇ ਲੋਕਾਂ ਨੂੰ ਕੋਰੋਨਾ ਵਾਇਰਸ ਦੇ ਕਾਰਨ ‘ਸਟੇਅ ਐਟ ਹੋਮ’ ਦੀ ਸਲਾਹ ਦੇਣੀ ਸੀ, ਉਹ ਖੁਦ ਆਪਣੇ ਪਰਿਵਾਰ ਦੇ ਨਾਲ ਪਿਕਨਿਕ ਮਨਾ ਰਹੇ ਸਨ। ਇਸ ਤੋਂ ਨਾਰਾਜ਼ ਹੋਈ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੇਸਿੰਡਾ ਆਡਰਨ ਨੇ ਕਿਹਾ, ‘ਉਹ ਸ਼ੁਕਰ ਕਰੇ ਕਿ ਉਸ ਨੂੰ ਬਰਖਾਸਤ ਨਹੀਂ ਕੀਤਾ ਗਿਆ’। ਪ੍ਰਧਾਨ ਮੰਤਰੀ ਜੇਸਿੰਡਾ ਨੇ ਕਿਹਾ ਕਿ ਕਲਾਰਕ ਦਾ ਅਹੁਦਾ ਅਤੇ ਅਧਿਕਾਰ ਸਿਰਫ ਘਟਾਇਆ ਗਿਆ ਹੈ, ਜੇ ਉਹ ਆਮ ਹਾਲਾਤ ਵਿਚ ਅਜਿਹੀ ਕਾਰਵਾਈ ਕਰਦਾ ਤਾਂ ਉਸ ਨੂੰ ਬਰਖਾਸਤ ਕਰ ਦੇਣਾ ਸੀ। ਜੈਸਿੰਡਾ ਨੇ ਕਿਹਾ ਕਿ ਜੋ ਗਲਤ ਹੈ, ਉਹ ਗਲਤ ਹੈ, ਇਸ ਬਾਰੇ ਕੋਈ ਬਹਾਨਾ ਨਹੀਂ ਚੱਲ ਸਕਦਾ।


















# ਕੋਵਿਡ -19 ਕੀ ਹੈ? ਸਰਕਾਰਾਂ ਇਸ ਬਾਰੇ ਕੀ ਕਰ ਰਹੀਆਂ ਹਨ ਤੇ ਲੋਕਾ ਨੂੰ ਕੀ ਕਰਨਾ ਚਾਹਿੰਦਾ ਹੈ?



ਸੁਰਜੀਤ ਸਿੰਘ ਫਲੋਰਾ

ਕੋਵੀਡ -19 ਮਹਾਂਮਾਰੀ ਹਰ ਕਿਸੇ ਨੂੰ ਪ੍ਰਭਾਵਿਤ ਕਰ ਰਹੀ ਹੈ। ਇਸ ਨੂੰ ਸਮਝਣ ਲਈ ਅਤੇ ਇਸ ਵਾਰੇ ਅਸੀਂ ਵੱਖ ਵੱਖ ਮੁਦੇ ਅਤੇ ਸਰਕਾਰਾਂ ਇਸ ਨਾਲ ਕਿਵੇਂ ਨਜਿੱਠ ਰਹੀਆਂ ਹਨ, ਲੋਕਾ ਦੀ ਕਿਵੇਂ ਮਦਦ ਕਰ ਰਹੀਆਂ ਹਨ। ਤੇ ਕੈਨੇਡੀਅਨ ਲੋਕ ਇਸ ਨੂੰ ਜਲਦ ਤੋਂ ਜਲਦ ਖ਼ਤਮ ਕਰਨ ਲਈ ਸਰਕਾਰ ਦੀ ਕਿਵੇਂ ਮਦਦ ਕਰ ਸਕਦੀ ਹੈ। ਆਉ ਅਸੀਂ ਸੰਖੇਪ ਵਿਚ ਇਸ ਵਾਰੇ ਜਾਣਕਾਰੀ ਦਿੰਦੇ ਹਾਂ ਜੋ ਅਸੀਂ ਆਪਣੇ ਸੁਹਿਰਦ ਪਾਠਕਾਂ ਲਈ ਜਰੂਰੀ ਸਮਝਦੇ ਹਾਂ:-

## ਕੋਵਿਡ -19 ਕੀ ਹੈ?

ਕੋਵੀਡ -19 ਇੱਕ ਬਿਮਾਰੀ ਹੈ ਜੋ ਇੱਕ ਨੋਵਲ ਕੋਰੋਨਾਵਾਇਰਸ ਕਾਰਨ ਹੁੰਦੀ ਹੈ, ਜਿਸ ਨੂੰ ਸਾਰਸ ਕੋਵਿ 2 ਵਜੋਂ ਜਾਣਿਆ ਜਾਂਦਾ ਹੈ. ਕੋਰੋਨਾਵਾਇਰਸ ਵਿਸ਼ਾਣੂਆਂ ਦੇ ਵੱਡੇ ਪਰਵਾਰ ਹਨ ਜੋ ਕਿ ਆਮ ਠੰਡ ਤੋਂ ਲੈ ਕੇ ਹੋਰ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ।

ਕੋਵਿਡ -19 ਕੋਰੋਨਾਵਾਇਰਸ ਦੇ ਲੱਛਣ ਕੀ ਹਨ?

ਕੋਵੀਡ -19 ਗਲੇ ਵਿੱਚ ਖਰਾਸ਼, ਮਾਸਪੇਸ਼ੀ ਦੇ ਦਰਦ, ਸਿਰ ਦਰਦ, ਖੰਘ, ਸਾਹ ਲੈਣ ਵਿੱਚ ਮੁਸ਼ਕਲ ਅਤੇ ਵਧੇਰੇ ਗੰਭੀਰ ਮਾਮਲਿਆਂ ਵਿੱਚ, ਨਮੂਨੀਆ ਸਮੇਤ ਕਈ ਲੱਛਣਾਂ ਦਾ ਕਾਰਨ ਬਣਦੀ ਹੈ। ਜ਼ਿਆਦਾਤਰ ਸਿਹਤਮੰਦ ਲੋਕਾਂ ਲਈ ਲੱਛਣ ਅਕਸਰ ਆਮ ਜ਼ੁਕਾਮ ਦੇ ਪ੍ਰਤੀਕ ਹੁੰਦੇ ਹਨ, ਪਰ ਦੂਜਿਆਂ ਲਈ, ਅਤੇ ਖਾਸ ਤੌਰ ਤੇ ਬਜ਼ੁਰਗਾਂ ਅਤੇ ਕਮਜ਼ੋਰ ਇੰਨਸਾਨਾਂ ਲਈ ਗੰਭੀਰ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਹਸਪਤਾਲ ਦੀ ਸਖ਼ਤ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ।

ਇਹ ਵੀ ਦੇਖਣ ਵਿਚ ਆਇਆਂ ਹੈ ਕਿ ਬਹੁਤ ਸਾਰੇ ਜੋ ਸੰਕਰਮਿਤ ਹਨ ਬਹੁਤ ਹਲਕੇ ਲੱਛਣਾਂ ਦਾ ਅਨੁਭਵ ਕਰਦੇ ਹਨ ਜਾਂ ਕੋਈ ਵੀ ਨਹੀਂ, ਜੋ ਭਿਆਨਕ ਗੰਭੀਰ ਤੇ ਹੋਰ ਲੋਕਾ ਲਈ ਵੀ ਖ਼ਤਰਨਾਕ ਸਾਬਿਤ ਹੋ ਰਹੇ ਹਨ ਕਿਉਂਕਿ ਉਹ ਲੋਕ ਕਈ ਹੋਰਾਂ ਨੂੰ ਇਸ ਮਹਾਂਮਾਰੀ ਦਾ ਸ਼ਿਕਾਰ ਬਣਾ ਰਹੇ ਹਨ, ਜਾਣ ਬੁਝ ਕੇ ਨਹੀਂ ਬੱਲਕੇ ਉਹਨਾਂ ਨੂੰ ਕੋਈ ਵੀ ਦੁਖ ਤਕਲੀਫ ਭਾਂਵ ਲੱਛਣ ਸਾਹਮਣੇ ਨਹੀਂ ਆ ਰਹੇ ਉਹ ਖੁਦ ਇਸ ਤੋਂ ਅਨਜਾਣ ਹੁੰਦੇ ਹਨ।

## ਲੋਕ ਕਿੰਨੇ ਬਿਮਾਰ ਹੋ ਰਹੇ ਹਨ?

60 ਸਾਲ ਤੋਂ ਘੱਟ ਉਮਰ ਦੇ ਬਹੁਤ ਸਾਰੇ ਲੋਕ ਕੋਵਿਡ -19 ਇੱਕ ਆਮ ਜ਼ੁਕਾਮ ਵਾਂਗ ਮਹਿਸੂਸ ਕਰਦੇ ਹਨ ਹਾਲਾਂਕਿ, ਬਿਮਾਰੀਆਂ ਵਿੱਚ ਨਮੂਨੀਆ ਵੀ ਸ਼ਾਮਲ ਹੋ ਸਕਦਾ ਹੈ ਜੋ ਲੋਕਾਂ ਨੂੰ ਹਸਪਤਾਲ ਵਿੱਚ ਸਖਤ ਦੇਖਭਾਲ ਲਈ ਵੈਂਟੀਲੇਟਰ ਹੇਠ ਰੱਖਿਆ ਜਾਂਦਾ ਹੈ। ਪਰ ਬਹੁਤ ਸਾਰੇ ਇਸ ਹੱਦ ਤੱਕ ਜਾਣ ਕਾਰਨ ਦੁਨੀਆ ਭਰ ਦੇ ਹਜ਼ਾਰਾਂ ਲੋਕ ਕੋਵਿਡ -19 ਤੋਂ ਮਰ ਰਹੇ ਹਨ।

ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਦੇ ਅਨੁਸਾਰ 5 ਅਪ੍ਰੈਲ ਤੱਕ 60 ਸਾਲ ਤੋਂ ਵੱਧ ਉਮਰ ਵਾਲੇ ਵੱਧ ਨਜ਼ਰ ਆ ਰਹੇ ਹਨ।

60 ਸਾਲ ਤੋਂ ਵੱਧ ਉਮਰ ਦੇ ਲੋਕਾ ਦੀਆਂ ਕੋਵਿਡ -19 ਨਾਲ ਕੈਨੇਡਾ ਵਿਚ 90% ਮੌਤਾਂ ਹੋ ਚੁਕਿਆਂ ਹਨ। ਕਿਸੇ ਵੀ ਉਮਰ ਦੇ ਲੋਕ ਅੰਡਰਲਾਈਗ ਡਾਕਟਰੀ ਸਥਿਤੀਆਂ ਜਿਵੇਂ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਦਿਲ ਦੀ ਬਿਮਾਰੀ ਅਤੇ ਫੇਫੜਿਆਂ ਦੀ ਬਿਮਾਰੀ ਦੇ ਨਾਲ ਕੋਵੀਡ -19 ਤੋਂ ਗੰਭੀਰ ਬਿਮਾਰੀ ਦੇ ਵੱਧ ਜੋਖਮ ਵਿੱਚ ਦਿਖਾਈ ਦਿੰਦੇ ਹਨ।

ਹਾਲਾਂਕਿ, 40 ਸਾਲ ਤੋਂ ਘੱਟ ਉਮਰ ਦੇ ਸਿਹਤਮੰਦ ਲੋਕ ਅਜਿਹੇ ਹਨ ਜੋ ਬਹੁਤ ਬਿਮਾਰ ਹੋ ਰਹੇ ਹਨ ਅਤੇ, ਕੁਝ ਮਾਮਲਿਆਂ ਵਿੱਚ, ਮਰ ਰਹੇ ਹਨ. ਅਪ੍ਰੈਲ ਦੇ ਅਰੰਭ ਵਿਚ, 20 ਸਾਲਾਂ ਦੀ ਇਕ ਐਡਮਿੰਟਨ ਦੇ ਵਿਅਕਤੀ ਦੀ ਅਚਾਨਕ ਮੌਤ ਹੋ ਗਈ ਸੀ।

## ਕੋਵਿਡ -19 ਕਿੰਨਾ ਘਾਤਕ ਹੈ?

ਵਿਸ਼ਵ ਪੱਧਰ 'ਤੇ ਮੌਤ ਦਰ ਇਸ ਸਮੇਂ 7.7% ਹੈ. 5 ਅਪ੍ਰੈਲ ਤੱਕ, ਕੈਨੇਡਾ ਵਿੱਚ, ਇਹ 1.8 ਪ੍ਰਤੀਸ਼ਤ ਹੈ, ਇਸ ਦੇ ਮੁਕਾਬਲੇ, ਫਲੂ ਲਈ ਮੌਤ ਦਰ ਲਗਭਗ 0.1 ਪ੍ਰਤੀਸ਼ਤ ਹੈ।

## ਕੀ ਕੋਈ ਇਲਾਜ਼ ਹੈ?

ਕੋਵਿਡ-19 ਲਈ ਇਸ ਵੇਲੇ ਕੋਈ ਟੀਕਾ ਜਾਂ ਇਲਾਜ਼ ਨਹੀਂ ਹੈ. ਬਹੁਤ ਸਾਰੇ ਵਿਅਕਤੀ ਆਪਣੇ ਆਪ ਬਿਮਾਰੀ ਤੋਂ



ਠੀਕ ਹੋ ਚੁਕੇ ਹਨ ਹੋ ਰਹੇ ਹਨ। ਪਰ ਗੰਭੀਰ , ਸਥਿਤੀ ਨਾਜੁਕ ਹੁਣ ਤੇ ਮਰ ਵੀ ਰਹੇ ਹਨ।

ਮੈਂ ਆਪਣੀ ਰੱਖਿਆ ਕਿਵੇਂ ਕਰੀਏ?

ਸੁਰੱਖਿਆ ਦਾ ਸਭ ਤੋਂ ਵਧੀਆ ਰੂਪ ਹੈ ਚੰਗੀ ਸਫਾਈ ਦਾ ਅਭਿਆਸ ਕਰਨਾ, ਖਾਸ ਤੌਰ 'ਤੇ ਵਾਰ ਵਾਰ ਹੱਥ ਧੋਣਾ, ਘਰ ਰਹਿਣਾ ਅਤੇ ਸਰੀਰਕ ਦੂਰੀਆਂ ਦਾ ਅਭਿਆਸ ਕਰਨਾ (ਜਿਸ ਨੂੰ ਸਮਾਜਿਕ ਦੂਰੀ ਵੀ ਕਿਹਾ ਜਾਂਦਾ ਹੈ)।

ਉੱਤਰੀ ਅਮਰੀਕਾ ਵਿੱਚ ਕੋਵਿਡ -19 ਦੇ ਪ੍ਰਕੋਪ ਸ਼ੁਰੂ ਹੋਣ ਤੋਂ ਬਾਅਦ ਸਰੀਰਕ ਜਾਂ ਸਮਾਜਕ ਦੂਰੀ ਜਨਤਕ ਸਿਹਤ ਪੇਸ਼ੇਵਰਾਂ ਲਈ ਇੱਕ ਅਵਾਜ਼ ਬਣ ਗਈ ਹੈ। ਜਨਤਾ ਨੂੰ ਘਰ ਰਹਿਣ ਲਈ ਕਿਹਾ ਜਾਂਦਾ ਹੈ ਅਤੇ ਸਿਰਫ਼ ਜਰੂਰੀ ਕਾਰਨਾਂ ਕਰਕੇ ਬਾਹਰ ਨਿਕਲਣ ਲਈ ਹਿਦਾਇਤ ਕੀਤੀ ਜਾਂਦੀ ਹੈ ਜਿਵੇਂ ਕੇ ਗਰੋਸਰੀ ਆਦਿ ਖਰੀਣ ਕਰ ਲਈ। ਕੈਨੇਡਾ ਦੇ ਸਿਹਤ ਦੇ ਮੁੱਖ ਮੈਡੀਕਲ ਅਫਸਰਾਂ ਨੇ ਕਿਹਾ ਕਿ ਜੇ ਤੁਹਾਡੇ ਕੋਲ ਕੋਵਿਡ -19 ਦੇ ਲੱਛਣ ਨਹੀਂ ਹਨ ਤਾਂ ਆਪਣੇ ਆਲੇ ਦੁਆਲੇ ਵਾਲੀ ਪਾਰਕ ਵਿਚ ਘੁੰਮਣ ਲਈ ਬਾਹਰ ਜਾਣਾ ਸਹੀ ਹੈ. ਹਾਲਾਂਕਿ, ਜਦੋਂ ਜਨਤਕ ਤੌਰ 'ਤੇ ਬਾਹਰ ਹੁੰਦੇ ਹੋਏ ਇਕ ਦੂਜੇ ਤੋਂ ਦੋ ਮੀਟਰ (ਛੇ ਫੁੱਟ) ਦੂਰ ਰਹਿਣ ਲਈ ਕਿਹਾ ਗਿਆ ਹੈ।

ਕੁਝ ਕਾਰੋਬਾਰ ਗਾਹਕਾਂ ਦੀ ਮਾਤਰਾ ਨੂੰ ਸੀਮਤ ਕਰ ਰਹੇ ਹਨ ਜਿਸ ਨੂੰ ਉਹ ਇਕੋ ਸਮੇਂ ਅੰਦਰ ਆਉਣ ਦਿੰਦੇ ਹਨ ਅਤੇ ਬਹੁਤ ਸਾਰੇ ਗਰੋਸਰੀ ਸਟੋਰਾਂ ਨੇ ਨਿਸ਼ਾਨ ਲਗਾ ਦਿੱਤੇ ਹਨ ਕਿ ਲਾਈਨਾਂ ਵਿਚ ਉਡੀਕ ਕਰਦਿਆਂ ਕਿੱਥੇ ਖੜ੍ਹੇ ਹੋਣਾ ਹੈ।

ਆਪਣੇ ਹੱਥ ਧੋਣ ਵੇਲੇ, ਘੱਟੋ ਘੱਟ 20 ਸਕਿੰਟ ਲਈ ਅਜਿਹਾ ਕਰਨ ਦੀ ਹਿਦਾਇਤ ਕੀਤੀ ਗਈ ਹੈ।

ਇਹ ਵੀ ਹਿਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਚਿਹਰੇ ਨੂੰ ਛੂਹਣ ਤੋਂ ਗੁਰੇਜ ਕਰੋ ਅਤੇ ਨਿਯਮਿਤ ਤੌਰ 'ਤੇ ਵਰਤੀਆਂ ਜਾਂਦੀਆਂ ਸਤਹਾਂ ਨੂੰ ਅਕਸਰ ਸਾਫ ਅਤੇ ਰੋਗਾਣੂ ਮੁਕਤ ਕਰੋ।

## ਕੋਵਿਡ -19 ਕਿਸ ਤਰ੍ਹਾਂ ਫੈਲਦੀ ਹੈ?

ਕੋਵੀਡ -19 ਮੁੱਖ ਤੌਰ 'ਤੇ ਖੰਘ, ਛਿੱਕ ਮਾਰਨ ਜਾਂ ਕਿਸੇ ਅਜਿਹੇ ਵਿਅਕਤੀ ਨਾਲ ਸਿੱਧਾ ਸੰਪਰਕ ਕਰਕੇ ਫੈਲਦੀ ਹੈ ਜੋ ਬਿਮਾਰ ਹੈ ਜਾਂ ਜਿਸ ਸਤ੍ਹਾ ਨੇ ਕਿਸੇ ਬੀਮਾਰ ਵਿਅਕਤੀ ਨੂੰ ਛੂਹਿਆ ਹੈ।

ਜਦੋਂ ਪਾਣੀ ਦੀਆਂ ਬੂੰਦਾਂ ਕਿਸੇ ਸੰਕਰਮਿਤ ਵਿਅਕਤੀ ਤੋਂ ਕਿਸੇ ਹੋਰ ਵਿਅਕਤੀ ਵੱਲ ਜਾਂਦੀਆਂ ਹਨ, ਤਾਂ ਉਹ ਵਿਅਕਤੀ ਸੰਕਰਮਿਤ ਹੋ ਸਕਦਾ ਹੈ।

ਇਹੀ ਕਾਰਨ ਹੈ ਕਿ ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਚਿਹਰੇ ਨੂੰ ਛੂਹਣ ਤੋਂ ਬਚਣ ਅਤੇ ਜਨਤਕ ਤੌਰ 'ਤੇ ਦੋ ਮੀਟਰ, ਜਾਂ ਛੇ ਫੁੱਟ, ਦੂਜਿਆਂ ਤੋਂ ਦੂਰ ਰਹਿਣ।ਇਸ ਦੇ ਨਾਲ ਹੀ ਦੂਜਿਆਂ ਵਿਚ ਵਾਇਰਸ ਫੈਲਣ ਤੋਂ ਬਚਾਉਣ ਲਈ ਤੁਹਾਨੂੰ ਆਪਣੀ ਬਾਂਹ ਦੇ ਮੋੜ ਵਿਚ ਖੰਘਣ ਜਾਂ ਛਿੱਕਣ ਦੀ ਸਲਾਹ ਦਿੱਤੀ ਜਾਂਦੀ ਹੈ।

ਕੀ ਜਦੋਂ ਮੈਂ ਬਾਹਰ ਜਾਂਦਾ ਹਾਂ ਤਾਂ ਮੈਨੂੰ ਇੱਕ ਮਾਸਕ ਪਾਉਣਾ ਚਾਹੀਦਾ ਹੈ?

ਕਨੇਡਾ ਦੀ ਚੀਫ ਪਬਲਿਕ ਹੈਲਥ ਅਫਸਰ ਡਾ. ਟੈਰੀਸਾ ਟਾਮ ਨੇ 6 ਅਪ੍ਰੈਲ ਨੂੰ ਕਿਹਾ ਕਿ ਮਾਸਕ ਪਹਿਨਣਾ ਉਹਨਾਂ ਲੋਕਾਂ ਲਈ ਇਕ ਜਰੂਰੀ ਹੈ ਜੋ ਕੋਵਿਡ -19 ਦੇ ਸ਼ਿਕਾਰ ਹਨ । ਆਮ ਲੋਕ ਵੀ ਇਸ ਮਾਸਿਕ ਨੂੰ ਪਾ ਕੇ ਬਾਹਰ ਨਿਕਲਣ ਤਾਂ ਜੋ ਬਿਨ੍ਹਾਂ ਕਿਸੇ ਬਿਮਾਰੀ ਨੂੰ ਦੂਸਰਿਆਂ ਤੱਕ ਫੈਲਣ ਤੋਂ ਰੋਕਿਆ ਜਾ ਸਕੇ। ਯਾਦ ਰਹੇ ਟਾਮ ਨੇ ਪਹਿਲਾਂ ਮਾਸਕ ਪਹਿਨਣ ਨੂੰ ਕੋਈ ਤਵੱਜੋ ਨਹੀਂ ਸੀ ਦਿੱਤੀ।

## ਕੋਵਿਡ -19 ਕਿਵੇਂ ਫਲੂ ਨਾਲ ਤੁਲਨਾ ਕਰਦਾ ਹੈ?

ਕੋਵਿਡ -19 ਅਤੇ ਫਲੂ ਵਿਚ ਸਮਾਨ-ਤਾਵਾਂ ਅਤੇ ਅੰਤਰ ਹਨ। ਇਹ ਦੋਵੇਂ ਸਾਹ ਪ੍ਰਣਾਲੀ ਨੂੰ ਪ੍ਰਭਾਵਤ ਕਰਦੇ ਹਨ ਅਤੇ ਇਹ ਦੋਵੇਂ ਨੱਕ ਅਤੇ ਮੂੰਹ ਦੀਆਂ ਛੋਟੀਆਂ ਬੂੰਦਾਂ ਦੁਆਰਾ ਫੈਲਦਾ ਹੈ।

ਕੈਨੇਡਾ ਸਰਕਾਰ ਅਤੇ ਹਰ ਸੂਬੇ ਦੀਆਂ ਸਰਕਾਰਾਂ ਕਰਵ ਨੂੰ ਚਪਟਾਉਣ ਲਈ ਕਈ ਕਦਮ ਚੁਕ ਰਹੇ ਹਨ, ਜਿਵੇਂ ਕਿ 5 ਲੋਕਾਂ ਦੇ ਇਕੱਠਾਂ ਨੂੰ ਸੀਮਿਤ ਕਰ ਰਹੇ ਹਨ, ਉਨ੍ਹਾਂ ਲੋਕਾਂ ਨੂੰ ਉਤਸ਼ਾਹਤ ਕਰ ਰਹੇ ਹਨ ਜੋ ਆਪਣੇ ਘਰ ਰਹਿਣ ਲਈ ਚੰਗਾ ਨਹੀਂ ਮਹਿਸੂਸ ਕਰ ਰਹੇ, ਉਨ੍ਹਾਂ ਲੋਕਾਂ ਨੂੰ ਸਵੈ-ਇਕੱਲੇ ਰਹਿਣ ਅਤੇ ਜਨਤਕ ਸਹੂਲਤਾਂ ਅਤੇ ਗੈਰ-ਜ਼ਰੂਰੀ ਸਟੋਰਾਂ ਨੂੰ ਬੰਦ ਕਰਨ ਦੇ ਆਦੇਸ਼ ਦੇ ਰਹੇ ਹਨ। ਜਿਸ ਨਾਲ ਇਸ ਨੂੰ ਹੋਰ ਫ਼ੈਲਣ ਤੋਂ ਰੋਕਿਆ ਜਾ ਸਕੇ।

## ਮੈਂ ਬਿਮਾਰ ਮਹਿਸੂਸ ਕਰ ਰਿਹਾ ਹਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੋ ਖੰਘ, ਬੁਖ਼ਾਰ ਜਾਂ ਗਲ਼ੇ ਦੇ ਦਰਦ ਵਰਗੇ ਲੱਛਣਾਂ ਨਾਲ ਬਿਮਾਰ ਮਹਿਸੂਸ ਕਰ ਰਹੇ ਹਨ, ਨੂੰ ਸਵੈ-ਅਲੱਗ ਕਰਨ ਅਤੇ ਸੂਬਾਈ ਸਰਕਾਰ ਦੇ ਆਨਲਾਇਨ ਟੈਸਟ ਮੁਲਾਂਕਣ ਸਾਧਨ ਦੀ ਵਰਤੋਂ ਕਰਨ ਲਈ ਕਿਹਾ ਜਾਂਦਾ ਹੈ।

ਜੇ ਟੂਲ ਕਹਿੰਦਾ ਹੈ ਕਿ ਤੁਹਾਨੂੰ ਕੋਵਿਡ-19 ਲਈ ਟੈਸਟ ਕੀਤਾ ਜਾਣਾ ਚਾਹੀਦਾ ਹੈ, ਆਪਣੇ ਸੂਬੇ ਜਾਂ ਸਿਟੀ ਦੇ ਨੰਬਰ ਤੇ ਫੋਨ ਕਰਕੇ ਜਾਣਕਾਰੀ ਪ੍ਰਾਪਤ ਕੀਤੀ ਜਾਂ ਸਕਦੀ ਹੈ।

ਜੇ ਤੁਹਾਨੂੰ ਸਾਹ ਦੀ ਕਮੀ ਹੈ, ਤਾਂ ਤੁਹਾਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਜ਼ਰੂਰਤ ਹੈ. 911 ਤੇ ਕਾਲ ਕਰੋ ਅਤੇ ਉਹਨਾਂ ਨੂੰ ਦੱਸੋ ਕਿ ਤੁਸੀਂ ਕੋਵਿਡ -19 ਦੇ ਸ਼ਿਕਾਰ ਹੋ। ਪਰ 911 ਦੀ ਦੁਰਵਰਤੋਂ ਨਾ ਕਰੋ।

ਜੇ ਤੁਹਾਨੂੰ ਜਾਂਚ ਕਰਨ ਦੀ ਜ਼ਰੂਰਤ ਨਹੀਂ ਹੈ, ਤੁਹਾਨੂੰ ਅਜੇ ਵੀ 10 ਦਿਨਾਂ ਲਈ ਆਪਣੇ ਆਪ ਨੂੰ ਵੱਖ ਕਰਨਾ ਚਾਹੀਦਾ ਹੈ ਜਾਂ ਜਦੋਂ ਤੱਕ ਤੁਹਾਡੇ ਲੱਛਣ ਨਹੀਂ ਚਲੇ ਜਾਂਦੇ, 14 ਦਿਨਾਂ ਲਈ ਆਪਣੇ ਆਪ ਨੂੰ ਲੋਕਾ ਤੋਂ ਦੂਰ ਰੱਖੋ।

## ਸਵੈ-ਇਕੱਲਤਾ ਕੀ ਹੈ?

ਲੋਕਾ ਤੋਂ ਦੂਰੀ ਭਾਵ ਸੋਸ਼ਲ ਡਿਸਟੈਂਸ ਹੋਣ ਦਾ ਅਰਥ ਹੈ ਘਰ ਰਹਿਣਾ, ਪਰਿਵਾਰਕ ਮੈਂਬਰਾਂ ਨਾਲ ਨੇੜਲੇ ਸੰਪਰਕ ਤੋਂ ਪਰਹੇਜ਼ ਕਰਨਾ ਅਤੇ ਤੁਹਾਡੇ ਘਰ ਆਉਣ ਵਾਲਿਆਂ ਨੂੰ ਆਗਿਆ ਨਾ ਦੇਣਾ।

ਤੁਹਾਨੂੰ ਆਪਣੇ ਆਪ ਨੂੰ ਘਰ ਦੇ ਦੂਜੇ ਲੋਕਾਂ ਤੋਂ ਅਲੱਗ ਕਰਨਾ ਚਾਹੀਦਾ ਹੈ ਅਤੇ ਜੇ ਸੰਭਵ ਹੋਵੇ ਤਾਂ ਵੱਖਰਾ ਵਾਸ਼ਰੂਮ ਵੀ ਵਰਤਣਾ ਚਾਹੀਦਾ ਹੈ। ਦੂਜਿਆਂ ਨਾਲ ਸੰਪਰਕ ਤੋਂ ਬਚਣ ਲਈ, ਆਪਣੇ ਦੋਸਤ ਜਾਂ ਪਰਿਵਾਰ ਲਈ ਖਾਣਾ ਅਤੇ ਹੋਰ ਸਮਾਨ ਆਪਣੇ ਘਰ ਦੇ ਬਾਹਰ ਛੱਡਣ ਦਾ ਪ੍ਰਬੰਧ ਕਰੋ। ਦਿਨ ਵਿਚ ਸਮੇਂ ਸਮੇਂ ਘੱਟੋ ਘੱਟ 20 ਸਕਿੰਟ ਲਈ ਆਪਣੇ ਹੱਥ ਨਿਯਮਿਤ ਤੌਰ ਤੇ ਧੋਣੇ ਅਤੇ ਆਪਣੇ ਆਲੇ ਦੁਆਲੇ ਨੂੰ ਸਾਫ ਰੱਖਣਾ ਵੀ ਮਹੱਤਵਪੂਰਨ ਹੈ।

ਅੰਤਰਰਾਸ਼ਟਰੀ ਯਾਤਰਾ ਤੋਂ ਵਾਪਸ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ 14 ਦਿਨਾਂ ਲਈ ਦੁਨੀਆਂ ਤੋਂ ਖੁਦ ਤੋਂ ਅਲੱਗ ਰਹਿਣ ਦੀ ਹਿਦਾਇਤ ਹੈ ਜੇਕਰ ਨਹੀਂ ਰੱਖਦੇ ਤੇ ਅਪਰਾਧ ਲਈ $ 1000 ਜਾਂ ਇਸ ਤੋਂ ਵੱਧ ਦਾ ਜੁਰਮਾਨਾ ਹੋ ਸਕਦਾ ਹੈ।

ਇਸ ਦੇ ਨਾਲ ਹੀ ਜੇਕਰ ਕਿਸੇ ਨੂੰ ਲਗਦਾ ਹੈ ਕਿ ਉਹ ਕੋਵਿਡ -19 ਦਾ ਸ਼ਿਕਾਰ ਹੈ ਤੇ ਉਸ ਨੇ ਟੈਸਟ ਦਿੱਤਾ ਹੈ ਉਸ ਨੂੰ ਵੀ 14 ਦਿਨਾਂ ਲਈ ਆਪਣੇ ਆਪ ਨੂੰ ਦੂਜਿਆਂ ਤੋਂ ਦੂਰੀ ਬਣਾ ਕੇ ਰੱਖਣ ਦੀ ਹਿਦਾਇਤ ਕੀਤੀ ਗਈ ਹੈ।

ਸਰਕਾਰ ਜਨਤਕ ਇਕੱਠਾਂ ਤੇ ਕਿਹੜੀਆਂ ਪਾਬੰਦੀਆਂ ਲਗਾ ਰਹੀ ਹੈ?

ਸਰਕਾਰ ਨੇ ਜਨਤਕ ਇਕੱਠਾਂ ਨੂੰ 5 ਵਿਅਕਤੀਆਂ ਜਾਂ ਇਸ ਤੋਂ ਘੱਟ ਤੱਕ ਸੀਮਤ ਕਰ ਦਿੱਤਾ ਹੈ, ਪਹਿਲਾਂ 50 ਅਤੇ ਇਸ ਤੋਂ ਪਹਿਲਾਂ 250 ਸੀ।

ਗੈਰ-ਜ਼ਰੂਰੀ ਕਾਰੋਬਾਰਾਂ ਨੂੰ ਬੰਦ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਇਹ ਕਿਸ ਤੇ ਲਾਗੂ ਹੁੰਦਾ ਹੈ? ਸੂਬੇ ਨੇ ਸਾਰੇ ਗੈਰ-ਜ਼ਰੂਰੀ ਕਾਰੋਬਾਰਾਂ ਨੂੰ ਬੰਦ ਕਰਨ ਦੇ ਆਦੇਸ਼ ਦਿੱਤੇ ਹਨ, ਸਮੇਤ:

- ਵਿਅਕਤੀਗਤ ਸੇਵਾਵਾਂ ਜਿਵੇਂ ਸੈਲੂਨ ਅਤੇ ਟੈਟੂ ਪਾਰਲਰ ਦੇ ਨਾਲ ਨਾਲ ਪ੍ਰਚੂਨ ਸਟੋਰ ਜਿਵੇਂ ਕਪੜੇ ਸਟੋਰ ਅਤੇ ਗੇਮਿੰਗ ਦੀਆਂ ਦੁਕਾਨਾਂ.

ਰੈਸਟੋਰੈਂਟਾਂ ਵਿਚ ਖਾਣੇ ਦੀਆਂ ਸੇਵਾਵਾਂ ਵਰਜਿਤ ਹਨ. ਟੇਕ-ਆਉਟ, ਡਿਲਿਵਰੀ ਅਤੇ ਡ੍ਰਾਇਵ-ਦੁਆਰਾ ਸੇਵਾਵਾਂ ਨੂੰ ਅਜੇ ਵੀ ਆਗਿਆ ਹੈ।

- ਸਿਹਤ ਸੇਵਾਵਾਂ ਜਿਵੇਂ ਦੰਦਾਂ ਦੇ ਡਾਕਟਰ, ਮਸਾਜ ਥੈਰੇਪਿਸਟ ਅਤੇ ਫਿਜ਼ੀਓਥੈਰੇਪਿਸਟ ਹੁਣ ਗੈਰ-ਸੰਕਟਕਾਲੀ ਸੇਵਾਵਾਂ ਨਹੀਂ ਦੇ ਸਕਦੇ।

15 ਜਾਂ 15 ਤੋਂ ਵੱਧ ਵਿਅਕਤੀਆਂ ਦੇ ਨਾਲ ਕੰਮ ਕਰਨ ਵਾਲੀਆਂ ਥਾਵਾਂ, ਜਿੰਨਾਂ ਤੇ ਹੋਰ ਪਾਬੰਦੀ ਨਹੀਂ ਹੈ ਜਾਂ ਪਾਬੰਦੀਆਂ ਨਹੀਂ ਹਨ ਉਹ ਕੰਮ ਕਰਨਾ ਜਾਰੀ ਰੱਖ ਸਕਦੇ ਹਨ ਜਦੋਂ ਤੱਕ ਉਹ ਸਾਰੇ ਜਨਤਕ ਸਿਹਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹਨ, ਜਿਸ ਵਿੱਚ ਸਮਾਜਕ ਦੂਰੀਆਂ ਵਾਲੇ ਨਿਰਦੇਸ਼ ਸ਼ਾਮਲ ਹਨ।

### ਛੋਟ

ਇਹ ਸੇਵਾਵਾਂ 15 ਵਿਅਕਤੀਆਂ ਦੀ ਸੀਮਾ ਤੋਂ ਮੁਕਤ ਹਨ, ਜਦੋਂ ਤੱਕ ਉਹ ਦੋ ਮੀਟਰ ਸਰੀਰਕ ਦੂਰੀ ਬਣਾਈ ਰੱਖਦੇ ਹਨ। ਜਾਂ ਨਹੀਂ ਤਾਂ ਲੋਕਾਂ ਵਿਚਕਾਰ ਸੰਪਰਕ ਸੀਮਤ ਕਰਦੇ ਹਨ ਜਿਵੇਂ ਕਿ : -ਪਬਲਿਕ ਟ੍ਰਾਂਜ਼ਿਟ -ਸੈਲਟਰ ਅਤੇ ਅਸਥਾਈ ਜਾਂ ਅਸਥਾਈ ਰਿਹਾਇਸ਼ੀ ਸਹੂਲਤਾਂ। ਵਰਕ ਕੈਂਪ ਵਿਚ ਖਾਣ ਪੀਣ ਦੀਆਂ ਸਹੂਲਤਾਂ।

ਕੀ ਮੈਂ ਫਿਰ ਵੀ ਕੰਮ ਤੇ ਜਾ ਸਕਦਾ ਹਾਂ? ਮੇਰੇ ਦੋਸਤ ਦੇ ਘਰ ਬਾਰੇ ਕੀ? ਪਾਰਕ?

ਜੇ ਤੁਸੀਂ ਠੀਕ ਮਹਿਸੂਸ ਕਰ ਰਹੇ ਹੋ, ਤਾਂ ਤੁਸੀਂ ਕੰਮ 'ਤੇ ਜਾ ਸਕਦੇ ਹੋ, ਪਰ ਕੈਨੇਡਾ ਹੈਲਥ ਕੇਅਰ ਡਾਕਟਰ - ਸਰੀਰਕ ਦੂਰੀ ਅਤੇ ਅਕਸਰ ਹੱਥ ਧੋਣ ਸਮੇਤ ਵਧੇਰੇ ਸਾਵਧਾਨੀ ਵਰਤਣ ਦੀ ਸਿਫਾਰਸ਼ ਕਰਦੀ ਹੈ।

ਸਿਟੀ ਪਾਰਕ ਖੁੱਲੇ ਰਹਿੰਦੇ ਹਨ, ਪਰ ਜ਼ਿਆਦਾਤਰ। ਜਦੋਂ ਤੱਕ ਕੋਈ ਵੀ ਪੰਜ ਤੋਂ ਵੱਧ ਇਕ ਹੀ ਜਗ੍ਹਾ ਤੇ ਇਕੱਠੇ ਨਹੀਂ ਹੁੰਦੇ ਦੂਰੀ ਬਣਾ ਕੇ ਰੱਖਦੇ ਹਨ ਤੱਕ ਤੱਕ ਸਭ ਠੀਕ ਹੈ ਨਹੀਂ ਤਾਂ ਸਿਟੀ ਬਾਏਲਾਅ ਵਲੋਂ $500 ਤੋਂ $1000 ਡਾਲਰ ਦਾ ਜੁਰਮਾਨਾਂ ਹੋ ਸਕਦਾ ਹੈ।

ਵਸਨੀਕ ਪਾਰਕਾਂ ਵਿਚ ਸੈਰ ਤੇ ਜਾ ਸਕਦੇ ਹਨ, ਪਰ ਸਿਹਤ ਅਧਿਕਾਰੀ ਵਸਨੀਕਾਂ ਨੂੰ ਅਪੀਲ ਕਰਦੇ ਹਨ ਕਿ ਉਹ ਦੋ ਮੀਟਰ ਦੇ ਸਰੀਰਕ ਦੂਰੀ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਹੀ ਚੱਲਣ।

ਕੀ ਟੇਕਵੇ ਖਾਣਾ ਖਾਣਾ ਸੁਰੱਖਿਅਤ ਹੈ?

ਹਾਂ ਇਸ ਗੱਲ ਦਾ ਹਾਲੇ ਤੱਕ ਕੋਈ ਸਬੂਤ ਨਹੀਂ ਹੈ ਕਿ ਬਿਮਾਰੀ ਨੂੰ ਭੋਜਨ ਦੁਆਰਾ ਸੰਚਾਰਿਤ ਕੀਤਾ ਜਾ ਸਕਦਾ ਹੈ।

## ਸੂਬਾ ਹੋਰ ਕੀ ਕਰ ਰਿਹਾ ਹੈ?

ਸੂਬਾ ਰਿਹਾਇਸ਼ੀ ਬਿਜਲੀ ਦੇ ਬਿਲਾਂ ਵਿਚ ਰਾਹਤ ਦੇ ਰਿਹਾ ਹੈ। ਘਰਾਂ ਦੀਆਂ ਮੌਰਗੇਜ ਕੰਮਨੀਆਂ ਨਾਲ ਮਿਲ ਕੇ ਕੁਝ ਮਹੀਨਿਆਂ ਲਈ ਮੌਰਗੇਜ ਦੀਆਂ ਕਿਸਤਾਂ ਤੇ ਰੋਕ ਲਗਾਈ ਜਾ ਰਹੀ ਹੈ।

## ਕਿਰਾਏਦਾਰਾਂ ਬਾਰੇ ਕੀ?

ਸਰਕਾਰ ਨੇ ਐਲਾਨ ਕੀਤਾ ਕਿ 1 ਅਪ੍ਰੈਲ ਨੂੰ ਕਿਰਾਇਆ ਅਦਾ ਕਰਨ ਵਿੱਚ ਅਸਫਲ ਰਹਿਣ ਕਾਰਨ ਕਿਸੇ ਨੂੰ ਵੀ ਕੱਢਿਆ ਨਹੀਂ ਜਾ ਸਕਦਾ । ਇਸ ਤੋਂ ਇਲਾਵਾ, ਮਕਾਨ ਮਾਲਕਾਂ ਨੂੰ ਕਿਰਾਏਦਾਰਾਂ ਨਾਲ ਭੁਗਤਾਨ ਦੀਆਂ ਯੋਜਨਾਵਾਂ ਬਾਰੇ ਗੱਲਬਾਤ ਕਰਨ ਲਈ ਕਿਹਾ ਗਿਆ ਸੀ ਜਿਨ੍ਹਾਂ ਦੀ ਆਮਦਨੀ ਮਹਾਂਮਾਰੀ ਨਾਲ ਪ੍ਰਭਾਵਤ ਹੋਈ ਹੈ।

## ਫੈਡਰਲ ਸਰਕਾਰ ਕਾਰੋਬਾਰਾਂ ਲਈ ਕੀ ਕਰ ਰਹੀ ਹੈ?

ਫੈਡਰਲ ਸਰਕਾਰ ਤਿੰਨ ਮਹੀਨਿਆਂ ਤੱਕ ਕਾਰੋਬਾਰਾਂ ਲਈ 75 ਪ੍ਰਤੀਸ਼ਤ ਤਨਖਾਹ ਦੀ ਸਬਸਿਡੀ ਦੀ ਪੇਸ਼ਕਸ਼ ਕਰ ਰਹੀ ਹੈ। ਹਾਲਾਂਕਿ ਕੁਝ ਮਾਲਕ ਕਹਿੰਦੇ ਹਨ ਕਿ ਉਨ੍ਹਾਂ ਨੂੰ ਮਾਲੀਏ ਦੇ ਭਾਫ ਦੀ ਬਜਾਏ ਸਬਸਿਡੀ ਲੈਣ ਲਈ ਛੇ ਹਫ਼ਤਿਆਂ ਲਈ ਇੰਤਜ਼ਾਰ ਕਰਨਾ ਪੈਂਦਾ ਹੈ, ਜੋ ਬਹੁਤ ਲੰਮਾ ਹੈ।

ਕਾਰੋਬਾਰ ਵੀ ਜੂਨ ਤੱਕ ਟੈਕਸ ਭੁਗਤਾਨ ਮੁਲਤਵੀ ਕਰ ਸਕਣਗੇ, ਕੈਨੇਡਾ ਐਮਰਜੈਂਸੀ ਬਿਜਨਸ ਅਕਾਉਂਟ ਅਤੇ ਛੋਟੇ ਅਤੇ ਦਰਮਿਆਨੇ ਆਕਾਰ ਵਾਲੇ ਐਂਟਰਪ੍ਰਾਈਜ਼ ਲੋਨ ਅਤੇ ਗਰੰਟੀ ਪ੍ਰੋਗਰਾਮ ਰਾਹੀਂ ਵਿਆਜ ਮੁਕਤ ਕਰਜ਼ੇ ਲਈ ਅਰਜ਼ੀ ਭਰ ਸਕਦੇ ਹਨ।

ਮੈਂ ਆਪਣੀ ਨੌਕਰੀ ਗੁਆ ਚੁਕਾ ਹਾਂ, ਮਦਦ ਲਈ ਕਿੱਥੇ ਅਰਜ਼ੀ ਦੇਵਾਂ?

ਸਰਕਾਰ ਨੇ ਕੋਵਿਡ -19 ਸੰਕਟ ਨਾਲ ਸਿੱਝਣ ਲਈ ਰੁਜ਼ਗਾਰ ਬੀਮੇ ਲਾਭਾਂ ਦਾ ਵਿਸਥਾਰ ਕੀਤਾ ਹੈ। ਬਿਮਾਰੀ ਦੇ ਲਾਭ ਆਮਦਨ ਬਦਲਣ ਦੇ 15 ਹਫ਼ਤਿਆਂ ਤੱਕ ਪ੍ਰਦਾਨ ਕਰਦੇ ਹਨ। ਉਹ ਯੋਗ ਦਾਅਵੇਦਾਰਾਂ ਲਈ ਉਪਲਬਧ ਹਨ ਜੋ ਬਿਮਾਰੀ, ਸੱਟ ਜਾਂ ਕੁਆਰੰਟੀਨ ਕਾਰਨ ਕੰਮ ਨਹੀਂ ਕਰ ਸਕਦੇ।ਕੈਨੇਡਾ ਨੇ ਇਕ ਹਫਤੇ ਦੀ ਆਮ ਉਡੀਕ ਵੀ ਮੁਆਫ ਕਰ ਦਿੱਤੀ ਹੈ ਅਤੇ ਇਸ ਤਰ੍ਹਾਂ ਕਰ ਦਿੱਤਾ ਹੈ ਤਾਂ ਕਿ ਕੁਆਰੰਟੀਨ ਕਾਰਨ ਈ.ਆਈ. ਲਾਭ ਲੈਣ ਵਾਲੇ ਲੋਕਾਂ ਨੂੰ ਡਾਕਟਰੀ ਸਰਟੀਫਿਕੇਟ ਪ੍ਰਦਾਨ ਵੀ ਨਹੀਂ ਕਰਨਾ ਪਏਗਾ।


ਹਾਲਾਂਕਿ, ਜੇ ਤੁਸੀਂ 15 ਮਾਰਚ ਤੋਂ ਬਾਅਦ ਨਿਯਮਤ ਈ.ਆਈ. ਜਾਂ ਬਿਮਾਰੀ ਲਾਭ ਲਈ ਯੋਗ ਹੋ ਗਏ ਹੋ, ਤਾਂ ਤੁਹਾਡੇ ਦਾਅਵੇ ਦੀ ਪ੍ਰਕਿਰਿਆ ਨਵੇਂ ਕੈਨੇਡਾ ਦੇ ਐਮਰਜੈਂਸੀ ਪ੍ਰਤਿਕ੍ਰਿਆ ਦੁਆਰਾ ਕੀਤੀ ਜਾਏਗੀ।

ਕਨੇਡਾ ਦੇ ਐਮਰਜੈਂਸੀ ਪ੍ਰਤਿਕ੍ਰਿਆ ਲਾਭ

ਕਨੈਡਾ ਐਮਰਜੈਂਸੀ ਰਿਸਪਾਂਸ ਬੈਨੀਫਿਟ 4 ਮਹੀਨਿਆਂ ਲਈ ਪ੍ਰਤੀ ਮਹੀਨਾ. 2,000 ਦਾ ਭੁਗਤਾਨ ਹੈ। ਜੋ ਕੋਵਿਡ -19 ਕਰਕੇ ਕੰਮ ਬੰਦ ਕਰਨ ਲਈ ਮਜਬੂਰ ਕਰਨ ਵਾਲਿਆਂ ਲਈ ਯੋਗ ਹੈ, ਭਾਵੇਂ ਉਹ ਰੁਜ਼ਗਾਰ ਬੀਮਾ ਭੁਗਤਾਨਾਂ ਦੇ ਯੋਗ ਹੋਣਗੇ ਜਾਂ ਨਹੀਂ।

ਇਹ ਲਾਭ ਉਨ੍ਹਾਂ ਕਾਮਿਆਂ ਲਈ ਵੀ ਉਪਲਬਧ ਹੈ ਜਿਹੜੇ ਬਿਮਾਰ, ਅਲੱਗ-ਅਲੱਗ ਅਤੇ ਕੋਵਿਡ -19 ਵਾਲੇ ਕਿਸੇ ਦੀ ਦੇਖਭਾਲ ਕਰ ਰਹੇ ਹਨ; ਕੰਮ ਕਰਨ ਵਾਲੇ ਮਾਪਿਆਂ ਨੂੰ ਦੇਖਭਾਲ ਲਈ ਘਰ ਰਹਿਣ ਲਈ ਮਜ਼ਬੂਰ ਹੋਏ ਹਨ।

ਲਾਭ ਲਈ ਅਰਜ਼ੀਆਂ 6 ਅਪ੍ਰੈਲ ਨੂੰ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਪੈਦਾ ਹੋਏ ਲੋਕਾਂ ਲਈ ਖੁੱਲ੍ਹੀਆਂ ਹਨ. ਅਪ੍ਰੈਲ, ਮਈ ਅਤੇ ਜੂਨ ਵਿਚ ਪੈਦਾ ਹੋਏ ਲੋਕ ਮੰਗਲਵਾਰ, ਅਪ੍ਰੈਲ 7, ਅਪ੍ਰੈਲ, ਜੁਲਾਈ ਜਾਂ ਸਤੰਬਰ ਵਿਚ ਪੈਦਾ ਹੋਏ ਲੋਕ ਬੁੱਧਵਾਰ ਨੂੰ ਅਰਜ਼ੀ ਦੇ ਸਕਦੇ ਹਨ ਅਤੇ ਅਕਤੂਬਰ, ਨਵੰਬਰ ਅਤੇ ਦਸੰਬਰ ਵਿਚ ਪੈਦਾ ਹੋਏ ਲੋਕਾਂ ਤੋਂ ਵੀਰਵਾਰ ਨੂੰ ਅਰਜ਼ੀਆਂ ਸਵੀਕਾਰ ਕੀਤੀਆਂ ਜਾਂਦੀਆਂ ਹਨ. ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਕਿਸੇ ਲਈ ਖੁੱਲਾ ਰਹੇਗਾ। ਐਮਰਜੈਂਸੀ ਲਾਭ ਲਈ ਯੋਗ ਬਣਨ ਲਈ, ਕਾਮਿਆਂ ਨੇ 2019 ਵਿੱਚ, ਜਾਂ ਅਰਜ਼ੀ ਦੇਣ ਤੋਂ ਪਹਿਲਾਂ 12 ਮਹੀਨਿਆਂ ਵਿੱਚ ਘੱਟੋ ਘੱਟ $ 5,000 ਦੀ ਕਮਾਈ ਦਾ ਹੋਣਾ ਜਰੂਰੀ ਹੈ।



# ਗੁਆਚਿਆ ਵਿਰਸਾ: ਹੱਥ ਚੱਕੀ

-ਡਾ. ਪ੍ਰਿਤਪਾਲ ਸਿੰਘ ਮਹਿਰੋਕ



ਕੋਈ ਸਮਾਂ ਹੁੰਦਾ ਸੀ, ਜਦੋਂ ਹੱਥ ਚੱਕੀ ਘਰੇਲੂ ਵਰਤੋਂ ਵਾਲੇ ਸਾਜ਼ੋ ਸਾਮਾਨ ਦਾ ਜ਼ਰੂਰੀ ਅੰਗ ਹੁੰਦੀ ਸੀ। ਉਹ ਘਰ ਦੀ ਲੋੜ ਵੀ ਹੁੰਦੀ ਸੀ ਤੇ ਸ਼ਿੰਗਾਰ ਵੀ ਮੰਨੀ ਜਾਂਦੀ ਸੀ। ਸਮੇਂ ਦੇ ਪਹੀਆ ਘੁੰਮਣ ਨਾਲ ਪੰਜਾਬੀ ਸੱਭਿਆਚਾਰ ਦਾ ਮਹੱਤਵ ਪੂਰਨ ਅੰਗ ਬਣੀ ਰਹੀ ਹੱਥ ਚੱਕੀ ਸਮੇਂ ਦੀ ਧੂੜ ਹੇਠ ਗੁੰਮ ਗਈ ਹੈ। ਹੁਣ ਲਗਭਗ ਉਸ ਦਾ ਵਜੂਦ ਹੀ ਖਤਮ ਹੋ ਗਿਆ ਹੈ। ਹੱਥ ਚੱਕੀਆਂ ਦੇ ਗਿੜਨ ਦੀ ਆਵਾਜ਼ ਗੁਆਚ ਗਈ ਹੈ। ਘਰਾਂ ਵਿੱਚ ਹੁਣ ਨਾ ਉਸ ਦੀ ਲੋੜ ਰਹੀ ਹੈ, ਨਾ ਸਥਾਨ।

ਬਜ਼ੁਰਗਾਂ ਦੀਆਂ ਯਾਦਾਂ ਵਿੱਚ ਉਹ ਵੇਲੇ ਅਜੇ ਤੱਕ ਜੀਵਤ ਹਨ, ਜਦੋਂ ਸੁਆਣੀਆਂ ਕੁੱਕੜ ਦੇ ਬਾਂਗ ਦੇਣ ਨਾਲ ਉਠ ਕੇ ਰੋਜ਼ ਦੇ ਰੁਝੇਵਿਆਂ ਵਿੱਚ ਰੁੱਝ ਜਾਂਦੀਆਂ ਸਨ। ਕੋਈ ਧਾਰ ਕੱਢਣ, ਕੋਈ ਚਾਟੀ ਵਿੱਚ ਮਧਾਣੀ ਪਾਉਣ, ਕੋਈ ਬਹੁਕਰ ਬੁਹਾਰੀ ਕਰਨ ਤੇ ਕੋਈ ਚੱਕੀ ਝੋਣ ਦੇ ਆਹਰ ਵਿੱਚ ਜੁਟ ਜਾਂਦੀ ਸੀ। ਬਹੁਤੀਆਂ ਸੁਆਣੀਆਂ ਤੜਕਸਾਰ ਹੱਥ ਚੱਕੀ ਨਾਲ ਕਣਕ, ਬਾਜਰੇ, ਮੱਕੀ ਤੇ ਹੋਰ ਕਈ ਤਰ੍ਹਾਂ ਦੇ ਮੋਟੇ ਅਨਾਜ ਨੂੰ ਪੀਹ ਕੇ ਸਵੇਰ ਦੇ ਕੰਮ ਦੇ ਇਕ ਹਿੱਸੇ ਨੂੰ ਨਿਪਟਾ ਲੈਂਦੀਆਂ ਸਨ। ਚੱਕੀ ਪੀਸਣ ਦਾ ਕੰਮ ਬਹੁਤ ਕਠਿਨ ਹੁੰਦਾ ਸੀ, ਫਿਰ ਵੀ ਸਰੀਰਕ ਕਸਰਤ ਦਾ ਵਧੀਆ ਵਸੀਲਾ ਜ਼ਰੂਰ ਹੁੰਦਾ ਸੀ। ਚੱਕੀ ਪੀਹਣ ਦੇ ਕੰਮ ਨੂੰ ਕਠਿਨ ਸਮਝਦਿਆਂ ਹੋਇਆਂ ਹੀ ਵੱਖ-ਵੱਖ ਸਮਿਆਂ ਦੇ ਹਾਕਮਾਂ ਵੱਲੋਂ ਕੈਦੀਆਂ ਨੂੰ ਚੱਕੀ ਪੀਸਣ ਦੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ।

ਪੰਜਾਬੀ ਲੋਕਧਾਰਾ ਵਿੱਚ ਚੱਕੀ ਪੀਹਣ ਦੇ ਔਖੇ ਕੰਮ ਦਾ ਜ਼ਿਕਰ ਕਿਸੇ ਨਾ ਕਿਸੇ ਰੂਪ ਵਿੱਚ ਹੁੰਦਾ ਮਿਲ ਜਾਂਦਾ ਹੈ। ਆਮ ਹਾਲਾਤ ਵਿੱਚ ਘਰਾਂ ਵਿੱਚ ਸੁਆਣੀਆਂ ਵੱਲੋਂ ਕੀਤੇ ਜਾਂਦੇ ਕੰਮਾਂ ਨੂੰ ਘਰਾਂ ਦੀਆਂ ਧੀਆਂ ਆਪਣੀਆਂ ਮਾਵਾਂ, ਚਾਚੀਆਂ, ਤਾਈਆਂ, ਭਰਜਾਈਆਂ ਨੂੰ ਵੇਖ ਕੇ ਕਾਰ ਵਿਹਾਰਾਂ ਦੇ ਸਹਿਜ ਵਰਤਾਰੇ ਵਜੋਂ ਸਿੱਖ ਜਾਂਦੀਆਂ ਸਨ। ਮਾਵਾਂ ਆਪਣੀਆਂ ਧੀਆਂ ਨੂੰ ਕੰਮੀ ਕਾਰੀਂ ਜੁਟੀਆਂ ਰਹਿਣ ਵਿੱਚ ਵੇਖਣ ਨੂੰ ਪਸੰਦ ਕਰਦੀਆਂ ਸਨ। ਇਕ ਮਾਂ ਆਪਣੀ ਧੀ ਨੂੰ ਕਹਿੰਦੀ ਹੈ:

ਉਠ ਨੀ ਧੀਏ ਨਿੱਸਲ ਹੋ
ਚਰਖਾ ਛੱਡ ਤੇ ਚੱਕੀ ਝੋਅ।

ਮਾਵਾਂ, ਧੀਆਂ ਨੂੰ ਇਸ ਗੱਲ ਦਾ ਗਿਆਨ ਵੀ ਕਰਵਾ ਦਿੰਦੀਆਂ ਸਨ ਕਿ ਉਨ੍ਹਾਂ ਨੂੰ ਸਹੁਰੇ ਘਰ ਜਾ ਕੇ ਘਰ ਦੇ ਕਈ ਔਖੇ ਸੌਖੇ ਕੰਮ ਕਰਨੇ ਪੈਣੇ ਹਨ, ਇਥੋਂ ਤੱਕ ਕਿ ਚੱਕੀ ਵੀ ਪੀਹਣੀ ਪੈ ਸਕਦੀ ਹੈ:

ਮਾਪਿਆਂ ਨੇ ਤਾਂ ਰੱਖੀ ਲਾਡਲੀ
ਸਹੁਰਿਆਂ ਲਾ ਲਈ ਚੱਕੀ
ਨੀ ਮਾਂ ਦੀਏ ਲਾਡਲੀਏ
ਨੌਂ ਵਲ ਪੈਂਦੇ ਵੇਖੀ
ਨੀ ਮਾਂ ਦੀਏ ਲਾਡਲੀਏ..

ਸਪੱਸ਼ਟ ਹੈ ਕਿ ਚੱਕੀ ਪੀਸਣਾ ਬਹੁਤਾ ਔਖਾ ਅਤੇ ਹੱਠ ਨਾਲ ਕੀਤਾ ਜਾਣ ਵਾਲਾ ਕੰਮ ਹੁੰਦਾ ਸੀ।

ਹੱਥ ਚੱਕੀ ਅਕਸਰ ਦੋ ਕੁ ਫੁੱਟ ਦੇ ਕਰੀਬ ਦੇ ਗੋਲ ਆਕਾਰੀ ਪੱਥਰਾਂ ਦੇ ਟੁਕੜਿਆਂ ਨਾਲ ਬਣਾਇਆ ਗਿਆ ਸੰਦ ਹੁੰਦੀ ਸੀ। ਪੱਥਰ ਦੇ ਉਹ ਟੁਕੜੇ ਬਰਾਬਰ ਆਕਾਰ ਦੇ ਹੁੰਦੇ ਸਨ। ਉਪਰਲੇ ਪੱਥਰ ਦੇ ਇਕ ਸਿਰੇ 'ਤੇ ਲੱਕੜ ਦਾ ਗੋਲ ਡੰਡਾ ਮਜ਼ਬੂਤੀ ਨਾਲ ਲਾਇਆ ਗਿਆ ਹੁੰਦਾ ਸੀ, ਜਿਸ ਨੂੰ ਮੁੱਠਾ ਕਿਹਾ ਜਾਂਦਾ ਸੀ। ਇਸ ਮੁੱਠੇ ਕੋਲੋਂ ਚੱਕੀ ਦੇ ਉਪਰਲੇ ਪੁੜ ਨੂੰ ਘੁੰਮਾਉਣ ਦਾ ਕੰਮ ਲਿਆ ਜਾਂਦਾ ਸੀ। ਚੱਕੀ ਦੇ ਹੇਠਲੇ ਪੁੜ ਦੇ ਨਾਲ ਕੱਚੀ ਮਿੱਟੀ ਦੀ ਗੁਲਾਈਦਾਰ ਮਾਥ ਬਣਾਈ ਜਾਂਦੀ ਸੀ, ਜਿਸ ਵਿੱਚ ਚੱਕੀ ਵਿੱਚ ਪੀਸੀ ਜਾ ਰਹੇ ਅਨਾਜ ਦਾ ਆਟਾ ਇਕੱਠਾ ਹੁੰਦਾ ਜਾਂਦਾ ਸੀ। ਮਾਥ ਦੇ ਟੁੱਟਣ ਦੇ ਡਰ ਹਮੇਸ਼ਾ ਬਣਿਆ ਰਹਿੰਦਾ ਸੀ, ਇਸ ਲਈ ਚੱਕੀ ਪੀਸਣ ਵਾਲੀਆਂ ਔਰਤਾਂ ਚੱਕੀ ਦੀ ਮਾਥ ਦੀ ਸੰਭਾਲ ਨੂੰ ਵਿਸ਼ੇਸ਼ ਧਿਆਨ ਦਿੰਦੀਆਂ ਸਨ। ਮਾਥ ਦੇ ਟੁੱਟਣ 'ਤੇ ਉਸ ਮੁੜ ਚੀਕਣੀ ਮਿੱਟੀ ਨਾਲ ਬਣਾਉਣਾ ਪੈਂਦਾ ਸੀ, ਜੋ ਬਹੁਤ ਔਖਾ ਕੰਮ ਹੁੰਦਾ ਸੀ ਤੇ ਉਸ ਉਪਰ ਸਮਾਂ ਤੇ ਮਿਹਨਤ ਵੀ ਬਹੁਤ ਲੱਗਦੀ ਸੀ। ਜੇ ਕਿਧਰੇ ਅਜਿਹਾ ਕੰਮ ਨੂੰਹਾਂ ਨੂੰ ਕਰਨਾ ਪੈ ਜਾਂਦਾ ਸੀ ਤਾਂ ਉਹ ਆਪਣਾ ਗੁੱਸਾ ਸੱਸਾਂ ਉਤੇ ਕੱਢਦੀਆਂ ਸਨ:

ਛਾਵੜੀਏਂ-ਛਾਵੜੀਏਂ ਗਾਰਾ ਢੋਵਾਂ
ਗਾਰਾ ਲਾਵਾਂ ਚੱਕੀ ਨੂੰ
ਰੱਬ ਚੁੱਕ ਲਏ
ਸੱਸ ਕੁਪੱਤੀ ਨੂੰ!

ਸਮਾਂ ਅਤੇ ਸਮਾਜ ਪਰਿਵਰਤਨਸ਼ੀਲ ਹੁੰਦਾ ਹੈ। ਵੇਖਦਿਆਂ-ਵੇਖਦਿਆਂ ਹੀ ਦਿਨਾਂ, ਮਹੀਨਿਆਂ, ਸਾਲਾਂ ਵਿੱਚ ਬਹੁਤ ਕੁਝ ਬਦਲ ਜਾਂਦਾ ਹੈ। ਪਿਛਲੇ ਕੁਝ ਦਹਾਕਿਆਂ ਵਿੱਚ ਜਿੰਨੀ ਤੇਜ਼ ਗਤੀ ਨਾਲ ਸਮਾਜਿਕ ਪਰਿਵਰਤਨ ਹੋਇਆ ਹੈ, ਉਹ ਹੈਰਾਨ ਕਰਨ ਵਾਲਾ ਹੈ। ਪੰਜਾਹਵਿਆਂ ਵਿੱਚ ਪੰਜਾਬ ਦੇ ਪਿੰਡਾਂ ਵਿੱਚ ਇੰਜਣ ਨਾਲ ਚੱਲਣ ਵਾਲੀਆਂ ਆਟਾ ਚੱਕੀਆਂ ਮੈਂ ਆਪਣੀ ਅੱਖੀਂ ਵੇਖੀਆਂ ਹਨ। ਉਨ੍ਹਾਂ ਚੱਕੀਆਂ ਦੇ ਚੱਲ ਰਹੇ ਇੰਜਣ ਦੇ ਨਿਕਾਸੀ ਦਬਾਓ ਵਾਲੀ ਪਾਈਪ ਦੇ ਉਪਰਲੇ ਸਿਰੇ 'ਤੇ ਲੱਗੇ ਲੀਵਰ ਦੇ ਹਰਕਤ ਵਿੱਚ ਆਉਣ ਨਾਲ ਵਿਸ਼ੇਸ਼ ਤਰ੍ਹਾਂ ਦੀ ਆਵਾਜ਼ ਦੀ ਉਤਪਤੀ ਹੁੰਦੀ ਸੀ, ਜੋ ਦੂਰ-ਦੂਰ ਤੱਕ ਸੁਣਾਈ ਦਿੰਦੀ ਸੀ। ਉਸ ਆਵਾਜ਼ ਨੂੰ ਸੁਣ ਕੇ ਲੋਕ ਦੂਰੋਂ ਹੀ ਆਟਾ ਚੱਕੀ ਦੇ ਚੱਲ ਰਹੀ ਹੋਣ ਦਾ ਅੰਦਾਜ਼ਾ ਲਾ ਲਿਆ ਕਰਦੇ ਸਨ। ਫਿਰ ਬਿਜਲੀ ਨਾਲ ਚੱਲਣ ਵਾਲੀਆਂ ਚੱਕੀਆਂ ਚੱਲ ਪਈਆਂ, ਜਿਨ੍ਹਾਂ ਦਾ ਅੱਜ ਕੱਲ੍ਹ ਪੂਰਾ ਬੋਲ ਬਾਲਾ ਹੈ। ਇਹ ਆਟਾ ਚੱਕੀਆਂ ਸਮੇਂ ਦੇ ਬਦਲਣ ਵੱਲ ਸੰਕੇਤ ਕਰਨ ਦੀਆਂ ਪ੍ਰਤੀਕ ਬਣ ਗਈਆਂ ਸਨ।

ਵਿਆਹ ਵਾਲੇ ਘਰ ਵਿੱਚ ਸੱਤ ਚੱਕੀਆਂ ਮੰਗਵਾ ਲਈਆਂ ਜਾਂਦੀਆਂ ਤੇ ਸੱਤ ਸੁਹਾਗਣਾਂ ਰਲ ਕੇ ਅਨਾਜ ਤੇ ਵਿਆਹ ਲਈ ਲੋੜੀਂਦਾ ਹੋਰ ਅਨਾਜ ਪੀਂਹਦੀਆਂ ਸਨ। ਇਸ ਰੀਤ ਨੂੰ ਸੁਹਾਗਣ ਚੱਕੀ ਵੀ ਕਿਹਾ ਜਾਂਦਾ ਸੀ। ਕਈ ਵਾਰ ਅੜਬ ਤੇ ਲੜਾਕੇ ਪਤੀ ਦੇ ਵੱਸ ਪਈਆਂ ਪਤਨੀਆਂ ਨੂੰ ਘਰ ਦੇ ਕਈ ਕੰਮ ਕਰਦਿਆਂ ਹੋਣ ਦੇ ਬਾਵਜੂਦ ਪਤੀ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈਂਦਾ ਸੀ। ਪਤਨੀ ਆਪਣੇ ਕੀਤੇ ਕੰਮ ਗਿਣਵਾਉਂਦੀ ਤਾਂ ਪਤੀ ਫਿਰ ਵੀ ਉਸ ਉਤੇ ਗੁੱਸਾ ਝਾੜਦਾ ਰਹਿੰਦਾ ਸੀ:

ਤੜਕੇ ਉਠ ਚੱਕੀ ਝੋਅ ਲੈਂਦੀ
ਦੁੱਧ ਰਿੜਕ ਕੇ ਧਾਰਾਂ ਚੋ ਲੈਂਦੀ
ਮੱਥੇ ਵੱਟ ਪਾਏ ਬਿਨਾਂ ਚੰਨਾ
ਮੈਂ ਸਿਰ 'ਤੇ ਕੂੜਾ ਢੋਅ ਲੈਂਦੀ
ਜ਼ਖਮਾਂ ਦੇ ਹੁਣ ਹੌਲੀ-ਹੌਲੀ
ਬਣਦੇ ਜਾਣ ਨਸੂਰ
ਵੇ ਨਾ ਮਾਰ ਜ਼ਾਲਮਾਂ ਵੇ
ਪੇਕੇ ਤੱਤੜੀ ਦੇ ਦੂਰ..

ਸਮਾਂ ਬਦਲ ਗਿਆ ਹੈ। ਨਵੀਆਂ ਕਾਢਾਂ ਮਨੁੱਖ ਦੇ ਰਹਿਣ ਸਹਿਣ ਦੇ ਢੰਗ ਤਰੀਕਿਆਂ ਵਿੱਚ ਤੇ ਜੀਵਨਸੈਲੀ ਵਿੱਚ ਬਹੁਤ ਵੱਡੇ ਪੱਧਰ 'ਤੇ ਪਰਿਵਰਤਨ ਲੈ ਆਈਆਂ ਹਨ। ਜਦੋਂ ਘਰ ਤੇ ਰਸੋਈ ਦੇ ਬਹੁਤੇ ਕੰਮ ਬਿਜਲੀ ਨਾਲ ਚੱਲਦੀਆਂ ਸਵੈ ਚਾਲਕ ਮਸ਼ੀਨਾਂ ਨਾਲ ਹੋਣ ਲੱਗ ਪਏ ਤਾਂ ਅਜੋਕੀ ਪੀੜ੍ਹੀ ਹੱਥ ਚੱਕੀ ਦੀ ਗੱਲ ਸੁਣਨੀ ਵੀ ਪਸੰਦ ਨਹੀਂ ਕਰੇਗੀ। ਗੁਆਚੇ ਵਿਰਸੇ ਦੇ ਉਹ ਸੰਦ ਕਿਧਰੇ ਅਜਾਇਬ ਘਰਾਂ ਵਿੱਚ, ਤਸਵੀਰਾਂ ਵਿੱਚ ਜਾਂ ਫਿਲਮਾਂ ਵਿੱਚ ਹੀ ਵੇਖੇ ਜਾ ਸਕਣਗੇ।

# ਕੋਰੋਨਾ : ਪਿੰਡਾਂ ਉੱਤੇ ਵੀ ਧਿਆਨ ਦੇਣ ਦੀ ਲੋੜ

-ਬਚਨ ਸਿੰਘ ਸਰਲ

ਕੋਰੋਨਾ ਵਾਇਰਸ ਨਾਲ ਸਭ ਦੁਨੀਆ ਡਰ ਗਈ ਹੈ। ਦੁਨੀਆ ਦੇ ਸਾਰੇ ਵੱਡੇ ਦੇਸ਼ ਇਸ ਦੀ ਮਾਰ ਹੇਠ ਹਨ। ਜਿਨ੍ਹਾਂ ਧਨਾਢ ਦੇਸ਼ਾਂ ਨੂੰ ਆਪਣੀ ਅਮੀਰੀ 'ਤੇ ਮਾਣ ਸੀ, ਅੱਜ ਉਨ੍ਹਾਂ ਦੀ ਦੌਲਤ ਵੀ ਉਨ੍ਹਾਂ ਲਈ ਕਿਸੇ ਕੰਮ ਦੀ ਨਹੀਂ ਰਹੀ। ਇਸ ਨਾਮੁਰਾਦ ਬਿਮਾਰੀ ਨਾਲ ਭਾਰਤ ਵੀ ਸਹਿਮ ਗਿਆ ਹੈ। ਹਰ ਪਾਸੇ ਭੈਅ ਦਾ ਪਸਾਰਾ ਹੈ। ਇਸ ਤੋਂ ਦੇਸ਼ ਨੂੰ ਬਚਾਉਣ ਲਈ ਭਾਰਤ ਸਰਕਾਰ ਆਏ ਦਿਨ ਇੱਕ ਪਿੱਛੋਂ ਦੂਜਾ ਕਦਮ ਚੁੱਕ ਰਹੀ ਹੈ, ਪਰ ਜਲਦਬਾਜ਼ੀ ਵਿੱਚ ਚੁੱਕੇ ਜਾ ਰਹੇ ਕਦਮ ਲੋਕਾਂ ਅੰਦਰ ਸੁਰੱਖਿਆ ਦੀ ਭਾਵਨਾ ਨੂੰ ਬਲ ਨਹੀਂ ਦੇ ਸਕੇ, ਸਗੋਂ ਲੋਕ ਆਪਣੇ ਭਵਿੱਖ ਬਾਰੇ ਚਿੰਤਤ ਹੋ ਰਹੇ ਹਨ। ਕੋਰੋਨਾ ਵਿਰੁੱਧ ਜੰਗ ਲਈ ਸਰਕਾਰ ਨੇ ਪਹਿਲਾਂ ਇੱਕ ਦਿਨ ਦਾ ਜਨਤਾ ਕਰਫਿਊ ਲਾਗੂ ਕੀਤਾ ਤੇ ਉਸ ਤੋਂ ਬਾਅਦ 21 ਦਿਨਾਂ ਦਾ ਲਾਕਡਾਊਨ ਕਰ ਦਿੱਤਾ। ਲੋਕਾਂ ਨੂੰ ਹਦਾਇਤ ਦਿੱਤੀ ਗਈ ਕਿ ਲਾਕਡਾਊਨ ਦੌਰਾਨ ਘਰਾਂ ਵਿੱਚੋਂ ਬਾਹਰ ਨਾ ਨਿਕਲਣ, ਯਾਨੀ 21 ਦਿਨ ਆਪਣੇ ਆਪ ਨੂੰ ਘਰਾਂ 'ਚ ਬੰਦ ਰੱਖਣ। ਇਸ ਸਥਿਤੀ ਬਾਰੇ ਲੋਕ ਪੂਰੀ ਤਰ੍ਹਾਂ ਅਣਜਾਣ ਸਨ। ਇਸ ਨੇ ਲੋਕਾਂ ਅੰਦਰ ਘਬਰਾਹਟ ਪੈਦਾ ਕਰ ਦਿੱਤੀ। ਸਾਰੇ ਕਾਰਖਾਨੇ ਬੰਦ ਹੋ ਗਏ। ਮਜ਼ਦੂਰ ਤਬਕਾ ਬਿਲਕੁਲ ਬੇਰੋਜ਼ਗਾਰ ਹੋ ਗਿਆ। ਆਪਣੀ ਜਾਨ ਨੂੰ ਖਤਰਾ ਸਮਝਦੇ ਹੋਏ ਹਜ਼ਾਰਾਂ ਹੀ ਨਹੀਂ, ਲੱਖਾਂ ਦੀ ਗਿਣਤੀ ਵਿੱਚ ਪਰਵਾਸੀ ਮਜ਼ਦੂਰ ਆਪਣੇ ਘਰਾਂ ਨੂੰ ਤੁਰ ਪਏ। ਉਨ੍ਹਾਂ ਨੂੰ ਆਪਣਾ ਭਵਿੱਖ ਅਨਿਸ਼ਚਿਤ ਜਾਪਣ ਲੱਗਾ। ਹਜ਼ਾਰਾਂ ਮੀਲਾਂ ਦਾ ਪੈਂਡਾ ਤਹਿ ਕਰਨ ਲਈ ਉਹ ਪੈਦਲ ਹੀ ਤੁਰ ਪਏ। ਅੰਨ ਮੂੰਹ ਵਿੱਚ ਪਾਏ ਬਿਨਾਂ ਹੀ ਲੋਕ ਸੜਕਾਂ ਅਤੇ ਰੇਲ ਪਟੜੀਆਂ ਉਤੇ ਤੁਰਦੇ ਰਹੇ।

ਇਹ ਓਦਾਂ ਦੀ ਹਾਲਤ ਸੀ, ਜਿਵੇਂ ਦੀ ਹਾਲਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਨੋਟਬੰਦੀ ਦਾ ਐਲਾਨ ਕਰਨ ਨਾਲ ਬਣੀ ਸੀ। ਪਰਵਾਸੀ ਮਜ਼ਦੂਰਾਂ ਦੇ ਪਲਾਇਨ ਨੂੰ ਰੋਕਣ ਲਈ ਸਰਕਾਰ ਨੇ ਰਾਜਾਂ ਦੀਆਂ ਹੱਦਾਂ ਬੰਦ ਕਰਨ ਦੇ ਹੁਕਮ ਦਿੱਤੇ, ਪਰ ਜਦੋਂ ਤੱਕ ਇਹ ਹੁਕਮ ਲੋਕਾਂ ਤੱਕ ਪਹੁੰਚੇ, ਉਦੋਂ ਤੱਕ ਉਹ ਆਪਣੇ ਘਰਾਂ ਤੱਕ ਪਹੁੰਚ ਚੁੱਕੇ ਸਨ। ਦਿਹਾੜੀਦਾਰ ਵਿਹਲੇ ਹੋ ਗਏ। ਮਾਲਕਾਂ ਨੇ ਮੁਲਾਜ਼ਮਾਂ ਨੂੰ ਨੌਕਰੀਆਂ ਤੋਂ ਜਵਾਬ ਦੇ ਦਿੱਤਾ। ਮਾਲਕ ਮਕਾਨਾਂ ਨੇ ਮਕਾਨ ਖਾਲੀ ਕਰਵਾ ਲਏ। ਸਰਕਾਰ ਨੇ ਐਲਾਨ ਕੀਤਾ ਕਿ ਬੈਂਕ ਕਰਜ਼ਿਆਂ ਦੀਆਂ ਕਿਸ਼ਤਾਂ ਤਿੰਨ ਮਹੀਨੇ ਮੁਲਤਵੀ ਰੱਖਾਂਗੇ, ਪਰ ਬੈਂਕਾਂ ਨੇ ਇਹ ਕਿਸ਼ਤਾਂ ਪਹਿਲਾਂ ਹੀ ਕੱਟ ਲਈਆਂ। ਇਸ ਨਾਲ ਜਮ੍ਹਾ ਰਕਮਾਂ 'ਤੇ ਬੈਂਕਾਂ ਨੇ ਵਿਆਜ ਦੀਆਂ ਦਰਾਂ ਵੀ ਘਟਾ ਦਿੱਤੀਆਂ, ਜਿਸ ਦੇ ਨਾਲ ਛੋਟੀਆਂ ਸਨਅਤਾਂ ਦਾ ਨੁਕਸਾਨ ਹੋਇਆ। ਇਸ ਕਾਰਨ ਛੋਟਾ ਸਨਅਤਕਾਰ ਮਾਰਿਆ ਗਿਆ। ਕੋਰੋਨਾ ਵਾਇਰਸ ਨੂੰ ਧਿਆਨ 'ਚ ਰੱਖ ਕੇ ਸਰਕਾਰ ਨੇ ਜਿੱਥੇ ਲੋਕਾਂ ਨੂੰ ਘਰਾਂ 'ਚੋਂ ਬਾਹਰ ਨਾ ਨਿਕਲਣ ਦੀ ਹਦਾਇਤ ਦਿੱਤੀ, ਉਥੇ ਇੱਕ ਦੂਜੇ ਤੋਂ ਦੂਰੀ ਬਣਾ ਕੇ ਰੱਖਣ ਨੂੰ ਕਿਹਾ। ਇਸ ਦਾ ਨਤੀਜਾ ਇਹ ਸੀ ਕਿ ਗੁਆਂਢੀ ਵੀ ਇੱਕ ਦੂਜੇ ਤੋਂ ਦੂਰ ਹੋ ਗਏ। ਕੋਰੋਨਾ ਤੋਂ ਡਰਦਾ ਕੋਈ ਬੰਦਾ ਇੱਕ ਦੂਜੇ ਦੇ ਨੇੜੇ ਖੜ੍ਹਨ ਲਈ ਤਿਆਰ ਨਹੀਂ ਹੁੰਦਾ। ਇਸ ਗੱਲ ਨੇ ਲੋਕਾਂ ਅੰਦਰ ਦਿਮਾਗੀ ਪ੍ਰੇਸ਼ਾਨੀਆਂ ਪੈਦਾ ਕੀਤੀਆਂ ਹਨ। ਇਹ ਸਭ ਅਫਵਾਹਾਂ ਦਾ ਨਤੀਜਾ ਹੈ।

ਪ੍ਰਵਾਸੀ ਮਜ਼ਦੂਰਾਂ ਦਾ ਇੱਕ ਸ਼ਹਿਰ 'ਚੋਂ ਪਲਾਇਨ ਸ਼ੁਰੂ ਹੋਇਆ ਤਾਂ ਉਸ ਬਾਰੇ ਅਫਵਾਹ ਫੈਲਣ ਨਾਲ ਦੂਸਰੇ ਸ਼ਹਿਰਾਂ 'ਚੋਂ ਵੀ ਸ਼ੁਰੂ ਹੋ ਗਿਆ। ਕਿਸੇ ਨੇ ਨਾ ਸੋਚਿਆ ਕਿ ਇਸ ਤਰ੍ਹਾਂ ਦਾ ਪਲਾਇਨ ਦੇਸ਼ ਲਈ ਗੰਭੀਰ ਆਰਥਿਕ ਸੰਕਟ ਪੈਦਾ ਕਰ ਸਕਦਾ ਹੈ। ਪਰਵਾਸੀ ਮਜ਼ਦੂਰ ਇਸ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਬਣ ਚੁੱਕਾ ਹੈ। ਮਕਾਨ ਉਸਾਰੀ, ਰਸੋਈ ਉਤਪਾਦਨ, ਆਮ ਸੇਵਾਵਾਂ ਤੇ ਦੁਕਾਨਦਾਰੀ ਤੇ ਮੰਡੀਆਂ 'ਚ ਇਨ੍ਹਾਂ ਦੀ ਅਹਿਮ ਭੂਮਿਕਾ ਹੈ। ਸੋਚਣ ਦੀ ਗੱਲ ਹੈ ਕਿ ਇਨ੍ਹਾਂ ਮਜ਼ਦੂਰਾਂ ਦੇ ਇੱਕ ਵਾਰ ਆਪੋ-ਆਪਣੇ ਘਰੀਂ ਜਾ ਬੈਠਣ ਤੋਂ ਬਾਅਦ ਕੀ ਇਹ ਵਾਪਸ ਕੰਮਾਂ ਉੱਤੇ ਆਉਣ ਲਈ ਤਿਆਰ ਹੋਣਗੇ। ਪਿੰਡਾਂ ਵਿੱਚ ਵਾਪਸ ਜਾਣ ਤੋਂ ਬਾਅਦ ਇਨ੍ਹਾਂ ਦੀ ਸ਼ਹਿਰਾਂ ਨੂੰ ਵਾਪਸੀ ਬੜੀ ਹੌਲੀ ਹੋਵੇਗੀ। ਸਰਕਾਰ ਵੱਲੋਂ ਕੋਰੋਨਾ ਵਾਇਰਸ ਦੇ ਕਾਰਨ ਲਾਈਆਂ ਪਾਬੰਦੀਆਂ ਹਟਾ ਲੈਣ 'ਤੇ ਵੀ ਇਨ੍ਹਾਂ ਲੋਕਾਂ ਦੇ ਮਨ ਅੰਦਰ ਅਨਿਸ਼ਚਿਤਤਾ ਦੀ ਭਾਵਨਾ ਬਣੀ ਰਹੇਗੀ, ਜਿਸ ਕਾਰਨ ਇਨ੍ਹਾਂ ਦੀ ਸ਼ਹਿਰਾਂ ਨੂੰ ਵਾਪਸੀ ਹੌਲੀ ਹੋਵੇਗੀ। ਇਸ ਦੇ ਨਤੀਜੇ ਵਜੋਂ ਫੈਕਟਰੀਆਂ, ਕਾਰਖਾਨੇ ਤੇ ਹੋਰ ਜਨਤਕ ਸੇਵਾਵਾਂ, ਜਿਨ੍ਹਾਂ ਵਿੱਚ ਪਰਵਾਸੀ ਮਜ਼ਦੂਰ ਕੰਮ ਕਰਦੇ ਸਨ, ਅਗਲਾ ਕੁਝ ਸਮਾਂ ਬੰਦ ਰਹਿਣਗੀਆਂ। ਸ਼ਹਿਰੀ ਆਰਥਿਕਤਾ ਦਾ ਨੁਕਸਾਨ ਹੋਵੇਗਾ। ਨਿੱਤ ਦੀਆਂ ਲੋੜਾਂ ਪੂਰੀਆਂ ਨਹੀਂ ਹੋਣਗੀਆਂ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲਾਕਡਾਊਨ ਦੇ ਐਲਾਨ ਨੇ ਹੋ ਸਕਦਾ ਹੈ ਕਿ ਅਫਵਾਹਾਂ ਨੂੰ ਜਨਮ ਦਿੱਤਾ ਹੋਵੇ, ਪਰ ਇਸ ਦੀ ਹਫੜਾ ਦਫੜੀ ਪੈਦਾ ਕਰਨ ਵਿੱਚ ਬਹੁਤੀ ਭੂਮਿਕਾ ਉਨ੍ਹਾਂ ਲੋਕਾਂ ਦੀ ਰਹੀ ਹੈ, ਜਿਹੜੇ ਲਾਕਡਾਊਨ ਦਾ ਪ੍ਰਚਾਰ ਕਰਦੇ ਸਨ। ਇਸ ਦੇ ਨਾਲ ਮੀਡੀਆ ਦਾ ਉਹ ਵਰਗ ਵੀ ਜ਼ਿੰਮੇਵਾਰ ਹੈ, ਜਿਹੜਾ ਪਲਾਇਨ ਕਰਦੇ ਲੋਕਾਂ ਤੋਂ ਉਨ੍ਹਾਂ ਦੇ ਸੰਕਟਮਈ ਜੀਵਨ ਬਾਰੇ ਸਵਾਲ ਪੁੱਛਦਾ ਰਿਹਾ ਹੈ। ਮੀਡੀਆ ਦੇ ਇਸ ਵਰਗ ਨੇ ਜਿੰਨਾ ਸਮਾਂ ਅਜਿਹੇ ਮਜ਼ਦੂਰਾਂ ਨਾਲ ਸਵਾਲ ਜਵਾਬ ਕਰਦਿਆਂ ਲਾਇਆ, ਓਨਾ ਇਨ੍ਹਾਂ ਮੁਸੀਬਤ ਮਾਰੇ ਲੋਕਾਂ ਦੇ ਸੰਕਟ 'ਚ ਉਨ੍ਹਾਂ ਦੀ ਸਹਾਇਤਾ ਕਰਨ ਲਈ ਸਰਕਾਰ ਨੂੰ ਕੋਈ ਸੁਝਾਅ ਦੇਣ 'ਤੇ ਨਹੀਂ ਲਾਇਆ। ਮੀਡੀਆ ਦੀ ਜ਼ਿੰਮੇਵਾਰੀ ਸੀ ਕਿ ਆਮ ਲੋਕਾਂ ਨੂੰ ਦੱਸਿਆ ਜਾਂਦਾ ਕਿ ਪਲਾਇਨ ਆਦਿ ਨਾਲ ਦੇਸ਼ ਦਾ ਕਿੰਨਾ ਨੁਕਸਾਨ ਹੋ ਸਕਦਾ ਹੈ।

ਸ਼ਹਿਰਾਂ 'ਚ ਹੀ ਨਹੀਂ, ਇਨ੍ਹਾਂ ਦਾ ਮਾੜਾ ਪ੍ਰਭਾਵ ਪਿੰਡਾਂ 'ਤੇ ਵੀ ਪਵੇਗਾ। ਪਿੰਡਾਂ ਦੀ ਆਰਥਿਕਤਾ ਕਮਜ਼ੋਰ ਹੋਵੇਗੀ ਕਿਉਂਕਿ ਪਿੰਡਾਂ ਦੀ ਆਰਥਿਕਤਾ ਦੀ ਰੀੜ੍ਹ ਸ਼ਹਿਰਾਂ 'ਚ ਕੰਮ ਕਰਦੇ ਪਰਵਾਸੀ ਮਜ਼ਦੂਰ ਹਨ। ਜਿੱਥੋਂ ਤੱਕ ਕੋਰੋਨਾ ਵਾਇਰਸ 'ਤੇ ਕਾਬੂ ਪਾਉਣ ਦਾ ਸਵਾਲ ਹੈ, ਜੇ ਸੂਬਾ ਸਰਕਾਰ ਸਹੀ ਸਮੇਂ 'ਤੇ ਡਾਕਟਰੀ ਕਾਰਵਾਈ ਕਰਨ ਤਾਂ ਵਾਇਰਸ ਦੇ ਫੈਲਣ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਸਰਕਾਰੀ ਅਤੇ ਗੈਰ ਸਰਕਾਰੀ ਏਜੰਸੀਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵੱਲ ਵੀ ਧਿਆਨ ਦੇਣਾ ਹੋਵੇਗਾ।

# ਵਿਅੰਗ ਘਰ ਬੈਠਿਆਂ ਸ਼ੌਪਿੰਗ

-ਬਲਰਾਜ ਸਿੰਘ

ਉਂਝ ਅਸੀਂ ਬਥੇਰੇ ਪੜ੍ਹੇ-ਗੁੜ੍ਹੇ ਹਾਂ, ਉਮਰ ਪੱਖੋਂ ਵੀ ਪਕੇਰੇ ਅੰਬ ਅਤੇ ਛੇਤੀ ਕੀਤਿਆਂ ਕਿਸੇ ਦੀਆਂ ਮੋਮੋਠੱਗਣੀਆਂ ਗੱਲਾਂ 'ਚ ਨਹੀਂ ਆਉਂਦੇ, ਪਰ ਕਹਿੰਦੇ ਹਨ, ਜਦੋਂ ਕਿਸਮਤ ਮਾੜੀ ਹੋਵੇ ਤਾਂ ਊਠ 'ਤੇ ਬੈਠਿਆਂ ਨੂੰ ਵੀ ਕੁੱਤਾ ਚੱਕ ਵੱਢ ਜਾਂਦਾ ਹੈ। ਕੁਝ ਇਉਂ ਹੀ ਸਾਡੇ ਨਾਲ ਹੋਇਆ। ਅਸੀਂ ਪੁਰਾਣੀਆਂ ਫਿਲਮਾਂ ਦੇਖਣ ਦੇ ਸ਼ੌਕੀਨ ਤੇ ਅੱਜਕੱਲ੍ਹ ਸੇਵਾਮੁਕਤੀ ਤੋਂ ਬਾਅਦ ਦਾ ਆਪਣਾ ਵਿਹਲਾ ਸਮਾਂ ਰਾਜ ਕਪੂਰ, ਦੇਵ ਆਨੰਦ ਤੇ ਦਿਲੀਪ ਕੁਮਾਰ ਦੀਆਂ 'ਬਲੈਕ ਐਂਡ ਵ੍ਹਾਈਟ' ਫਿਲਮਾਂ ਦੇਖ ਕੇ ਗੁਜ਼ਾਰਦੇ ਹਾਂ। ਕਿਸੇ ਚੈਨਲ 'ਤੇ ਪੁਰਾਣੀ ਫਿਲਮ ਨਾ ਆਉਣ 'ਤੇ ਅਸੀਂ ਬਾਜ਼ਾਰ ਘੁੰਮਣ ਫਿਰਨ ਚਲੇ ਜਾਂਦੇ ਹਾਂ। ਉਸ ਦਿਨ ਪਤਾ ਨਹੀਂ ਕੀ ਪੁੱਠੀ ਭੁਆਂਟਣੀ ਆਈ ਕਿ ਅਸੀਂ ਸਮਾਂ ਗੁਜ਼ਾਰਨ ਹਿੱਤ ਟੀ ਵੀ ਦੇ ਬਾਕੀ ਭਾਂਤ-ਭਾਂਤ ਦੇ ਚੈਨਲ ਵੀ ਦੇਖਣ ਲੱਗੇ। ਸੱਸ-ਨੂੰਹ ਦੇ ਝਗੜੇ, ਇੱਛਾਧਾਰੀ ਨਾਗਣ, ਬਰਫੀਲੇ ਰਿੱਛ ਤੇ ਅੰਗਰੇਜ਼ੀ ਫਿਲਮਾਂ ਦੀਆਂ ਗਿਟਮਿਟ ਕਰਦੀਆਂ ਮੇਮਾਂ ਵੀ ਸਾਡੀ ਬੋਰੀਅਤ ਦੂਰ ਨਾ ਕਰ ਸਕੀਆਂ ਤਾਂ ਅਸੀਂ ਚੈਨਲ ਬਦਲ ਕੇ ਕੁਝ ਨਵਾਂ ਲੱਭਣ ਦੀ ਕੋਸ਼ਿਸ਼ ਕਰਨ ਲੱਗੇ।

ਸਾਡੀ ਮਾੜੀ ਕਿਸਮਤ ਨੂੰ ਘਰ ਬੈਠਿਆਂ ਸ਼ੌਪਿੰਗ ਦਾ ਮਜ਼ਾ ਦੇਣ ਵਾਲੇ ਚੈਨਲ ਸ਼ੁਰੂ ਹੋ ਗਏ। ਇੱਕ ਚੈਨਲ 'ਤੇ ਇੱਕ ਸੁਬਕ ਜਿਹੀ ਨੱਢੀ ਮਨਮੋਹਕ ਅੰਦਾਜ਼ 'ਚ ਪੰਜ ਮਿੰਟਾਂ 'ਚ ਗੋਰੇ ਕਰਨ ਵਾਲੀ ਕਰੀਮ ਦੇ ਸੋਹਲੇ ਗਾ ਰਹੀ ਸੀ। ਦੂਜੇ ਚੈਨਲ 'ਤੇ ਕੋਈ ਹੋਰ ਜਾਦੂਈ ਕੜਾਹੀ ਦੀਆਂ ਸਿਫਤਾਂ ਕਰ ਰਿਹਾ ਸੀ, ਜਿਸ ਦੇ ਵਰਤਣ ਨਾਲ ਸਮੇਂ, ਪੈਸੇ ਤੇ ਤੇਲ ਦੀ ਬੇਸ਼ੁਮਾਰ ਬੱਚਤ ਹੁੰਦੀ ਸੀ। ਇਡਲੀ, ਸਾਂਬਰ ਤੇ ਡੋਸਾ ਮਿੰਟਾਂ ਸਕਿੰਟਾਂ 'ਚ ਤਿਆਰ ਕੀਤੇ ਜਾ ਸਕਦੇ ਸੀ। ਇਸ ਢਲਦੀ ਉਮਰ ਵਿੱਚ ਅਜਿਹੇ ਦੱਖਣ ਭਾਰਤੀ ਪਕਵਾਨ ਖਾ ਕੇ ਕਾਹਨੂੰ ਢਿੱਡ ਪੀੜ ਕਰਾਉਣੀ ਹੈ, ਸੋਚ ਕੇ ਅਸੀਂ ਅਗਲਾ ਚੈਨਲ ਲਾ ਲਿਆ, ਜਿੱਥੇ ਇੱਕ ਸੁਨੱਖੀ ਮੁਟਿਆਰ ਕਿਸੇ ਉਦੇਪੁਰੀ ਰਜਾਈ ਦੀਆਂ ਸਿਫਤਾਂ ਦੇ ਪੁੰਨ ਬੰਨ੍ਹ ਰਹੀ ਸੀ। ਲਾਲ ਸੁੰਦਰ ਰਜਾਈ ਨੂੰ ਆਪਣੇ ਚਾਰੇ ਪਾਸੇ ਲਪੇਟ ਕੇ ਉਹ ਦਿਲਕਸ਼ ਅੰਦਾਜ਼ ਵਿੱਚ ਤੁਰੀ ਫਿਰਦੀ ਸੀ। ਬਿਲਕੁਲ ਹਵਾ ਵਿੱਚ ਉਡਦੀ, ਆਕਾਸ਼ ਤੋਂ ਉਤਰੀ ਪਰੀ ਜਾਪਦੀ ਸੀ। ਰਜਾਈ ਨੂੰ ਪੱਕਾ ਨਗੰਦਣ ਤੇ ਰੰਗਣ ਦੇ ਵਿਦੇਸ਼ੀ ਢੰਗ-ਤਰੀਕਿਆਂ ਦਾ ਵੀ ਬੜਾ ਸਜੀਵ ਵਰਣਨ ਕੀਤਾ ਜਾ ਰਿਹਾ ਸੀ। ਇਸ ਨੂੰ ਉਪਰ ਲੈਣ ਨਾਲ ਸਾਡਾ ਮੋਢਿਆਂ ਅਤੇ ਗੋਡਿਆਂ ਦਾ ਦਰਦ ਛੂ-ਮੰਤਰ ਹੋ ਸਕਦਾ ਸੀ। ਸਾਡੇ ਲੱਖਾਂ ਰੁਪਏ ਬਚ ਜਾਣੇ ਸਨ। ਰਜਾਈ ਪੈਕ ਹੋ ਕੇ ਬਿਲਕੁਲ ਛੋਟੀ ਤੇ ਖੰਭ ਵਾਂਗ ਹਲਕੀ ਹੋ ਜਾਂਦੀ ਸੀ, ਜਿਸ ਨੂੰ ਹੱਥ ਵਿੱਚ ਫੜ ਕੇ ਜਿੱਥੇ ਮਰਜ਼ੀ ਲਿਜਾਇਆ ਜਾ ਸਕਦਾ ਸੀ। ਉਸ ਦੇ ਚਾਰੇ ਪਾਸੇ ਛਪੇ ਹੋਏ ਹਾਥੀ 'ਤੇ ਊਠ ਖਰੀਦਦਾਰਾਂ ਨੂੰ ਰਾਜਸਥਾਨ ਦੇ ਸੂਰਬੀਰ ਮਹਾਰਾਜਿਆਂ ਤੇ ਯੋਧਿਆਂ ਦੀ ਯਾਦ ਦਿਵਾਉਣਗੇ। ਪੁਰਾਣੇ ਮਹਾਰਾਜਿਆਂ ਦੀ ਸੰਗਤ ਵਿੱਚ ਜ਼ਿੰਦਗੀ ਗੁਜ਼ਾਰਨ ਦਾ ਇਹ ਸੁਨਹਿਰੀ ਅਵਸਰ ਸੀ। ਦੇਸ਼ ਦੀ ਸਭਿਅਤਾ ਤੇ ਸੱਭਿਆਚਾਰ ਦੀ ਵਿਰਾਸਤ ਇਹ ਰਜਾਈ ਸਾਨੂੰ ਆਪਣੇ ਵਿਰਸੇ ਨਾਲ ਜੋੜੇਗੀ। ਇਹ ਸਾਡੇ ਵਿੱਚ ਮਹਾਰਾਣਾ ਪ੍ਰਤਾਪ ਵਰਗੀ ਵੀਰਤਾ, ਨਿਡਰਦਾ ਅਤੇ ਦੇਸ਼ ਪ੍ਰੇਮ ਦਾ ਸੰਚਾਰ ਕਰੇਗੀ। ਏਦਾਂ ਦੀਆਂ ਦੋ ਨਾਯਾਬ ਤੇ ਦਿਲਕਸ਼ ਰਜਾਈਆਂ ਦਾ ਮੁੱਲ ਸਿਰਫ ਤੇ ਸਿਰਫ 1399 ਰੁਪਏ ਸੀ। ਇਹ ਅਨੂਠੀ ਪੇਸ਼ਕਸ਼ ਸਿਰਫ ਦੋ ਘੰਟਿਆਂ ਲਈ ਸੀ। ਜਿਹੜੇ ਜ਼ਹੀਨ ਲੋਕ ਇਸ ਨੂੰ ਖਰੀਦ ਲੈਣਗੇ, ਸੁੱਖ ਭੋਗਣਗੇ ਤੇ ਬਾਕੀ ਸਾਰੀ ਉਮਰ ਪਛਤਾਉਣਗੇ। ਅਸੀਂ ਆਪਣੇ ਆਪ ਨੂੰ ਖਰ ਦਿਮਾਗ ਨਹੀਂ, ਜ਼ਹੀਨ ਸਾਬਤ ਕਰਨਾ ਚਾਹੁੰਦੇ ਸੀ। ਅਜਾਈਂ ਸਮਾਂ ਗੁਆਉਣਾ ਅਲਗਰਜ਼ੀ ਨਹੀਂ, ਮੂਰਖਤਾ ਸੀ। ਆਪਣੇ ਵਿਰਸੇ ਨਾਲ ਜੁੜਨ ਦਾ ਅਜਿਹਾ ਮੌਕਾ ਗੁਆਉਣਾ ਤਾਂ ਦੇਸ਼ ਧਰੋਹ ਸਮਾਨ ਸੀ।

ਅਸੀਂ ਝੱਟ ਹੀ ਆਪਣੇ ਮੋਬਾਈਲ ਫੋਨ ਤੋਂ ਦਿੱਤੇ ਫੋਨ ਨੰਬਰ 'ਤੇ ਸੰਪਰਕ ਕੀਤਾ। ਦੋ ਚਾਰ ਮਿੰਟ ਕਤਾਰ 'ਚ ਲੱਗਣ ਬਾਅਦ ਸਾਡੀ ਇਸ ਕੰਪਨੀ ਦੇ ਅਧਿਕਾਰੀਆਂ ਨਾਲ ਗੱਲਬਾਤ ਸ਼ੁਰੂ ਹੋ ਗਈ ਤਾਂ ਉਨ੍ਹਾਂ ਨੇ ਸਾਨੂੰ ਦੁਨੀਆ ਦੇ ਸਭ ਤੋਂ ਵੱਧ ਖੁਸ਼ਕਿਸਮਤ ਇਨਸਾਨ ਦੱਸਿਆ, ਕਿਉਂਕਿ ਸਾਡੀ ਫੋਨ ਕਾਲ ਉਨ੍ਹਾਂ ਤੱਕ ਪਹੁੰਚ ਗਈ ਸੀ। ਅਸੀਂ ਸਿਆਣਪ ਦਿਖਾਉਂਦਿਆਂ ਰਜਾਈਆਂ ਦਾ ਆਰਡਰ ਦੇ ਕੇ ਆਪਣੀ ਜ਼ਿੰਦਗੀ ਸਦਾ ਲਈ ਸੁੱਖਾਂ ਲੱਧੀ ਬਣਾਈ ਸੀ। ਇਹ ਰਜਾਈਆਂ ਸਾਨੂੰ ਅਤੇ ਸਾਡੇ ਪਰਵਾਰ ਨੂੰ ਰਹਿੰਦੀ ਦੁਨੀਆ ਤੱਕ ਪਿਆਰ ਭਰਿਆ ਮਖਮਲੀ ਨਿੱਘ ਦੇਣਗੀਆਂ। ਅਸੀਂ ਮੇਵਾੜ ਦੇ ਰਾਜਿਆਂ ਵਾਂਗ ਸਦਾ ਚੜ੍ਹਦੀ ਕਲਾ 'ਚ ਰਹਾਂਗੇ ਤੇ ਪਰਵਾਰਕ ਤੇ ਦੇਸ਼ ਪ੍ਰੇਮ ਵਿੱਚ ਓਤ-ਪੋਤ ਰਹਾਂਗੇ। ਅਜਿਹੀਆਂ ਮਾਖਿਓਂ ਮਿੱਠੀਆਂ ਗੱਲਾਂ ਸਾਨੂੰ ਕਿਸੇ ਸੁਪਨ ਸੰਸਾਰ 'ਚ ਲਿਜਾ ਰਹੀਆਂ ਸਨ, ਜਿੱਥੇ ਕੋਈ ਝਮੇਲੇ ਨਹੀਂ ਹੋਣਗੇ ਤੇ ਅਸੀਂ ਚੱਕਰਵਰਤੀ ਰਾਜਿਆਂ ਵਾਂਗ ਐਸ਼ੋ-ਆਰਾਮ ਦੀ ਜ਼ਿੰਦਗੀ ਗੁਜ਼ਾਰਾਂਗੇ। ਸੋਨੇ 'ਤੇ ਸੁਹਾਗਾ ਇਹ ਸੀ ਕਿ ਇਹ ਰਜਾਈਆਂ ਨਾਯਾਬ ਸਨ, ਫਿਰ ਵੀ ਕੌਡੀਆਂ ਦੇ ਭਾਅ ਵਿਕ ਰਹੀਆਂ ਸਨ। ਇਹੋ ਜਿਹੀ ਲੁੱਟ ਦੁਬਾਰਾ ਨਹੀਂ ਹੋਣੀ ਸੀ। ਇਨ੍ਹਾਂ 'ਚ ਭਰੀ ਹੋਈ ਰੂੰ ਅਮਰੀਕਾ ਵਿੱਚ ਭਰੀ ਜਾਂਦੀ, ਰੰਗਾਈ ਇੰਗਲੈਂਡ 'ਚ ਹੁੰਦੀ, ਕੱਪੜਾ ਇਟਲੀ ਵਿੱਚ ਬੁਣਿਆ ਜਾਂਦਾ ਤੇ ਨਗੰਦਣ ਵਾਲਾ ਧਾਗਾ ਫਰਾਂਸ ਤੋਂ ਆਉਂਦਾ ਸੀ। ਸਾਡਾ ਸਾਮਾਨ ਸਮੁੰਦਰੀ ਜਹਾਜ਼ ਰਾਹੀਂ ਆਉਣਾ ਸੀ। ਇਸ ਲਈ ਸਾਨੂੰ ਮਸਾਂ 600 ਰੁਪਏ ਹੋਰ ਦੇਣੇ ਪੈਣੇ ਸਨ ਤੇ ਦੋ ਦੁਰਲੱਭ ਰਜਾਈਆਂ ਸਿਰਫ ਤੇ ਸਿਰਫ 1999 ਰੁਪਏ 'ਚ ਕੋਰੀਅਰ ਰਾਹੀਂ ਸਾਡੇ ਕੋਲ ਪਹੁੰਚ ਜਾਣੀਆਂ ਸਨ।

ਇਹ ਲੁਭਾਉਣੀਆਂ ਗੱਲਾਂ ਸੁਣ ਕੇ ਅਸੀਂ ਅਕਹਿ ਅਨੰਦ ਸਾਗਰ ਵਿੱਚ ਗੋਤੇ ਪਾਉਣ ਲੱਗੇ। ਪੁਰਾਣੇ ਮਹਾਰਜਿਆਂ ਵਾਂਗ ਆਪਣੇ ਆਪ ਨੂੰ ਵਹੁਟੀ ਸਮੇਤ ਛਤਰ ਹੇਠਾਂ ਹਾਥੀ ਉੱਤੇ ਬੈਠਿਆਂ ਤਸੱਵਰ ਕਰ ਕੇ ਲੋਕਾਂ ਦੀ ਜੈ ਜੈ ਕਾਰ ਵੀ ਸੁਣਨ ਲੱਗ ਪਏ। ਅਸੀਂ ਖੁਸ਼ੀ ਵਿੱਚ ਬੌਰੇ ਹੋ ਕੇ ਮਿੱਟੀ ਦੇ ਭਾਅ ਮਿਲ ਰਹੀਆਂ ਦੋ ਵੱਡਮੁੱਲੀਆਂ ਰਜਾਈਆਂ ਪ੍ਰਾਪਤ ਕਰਨ ਲਈ ਆਪਣਾ ਪੂਰਾ ਪਤਾ ਤੇ ਮੋਬਾਈਲ ਨੰਬਰ ਲਿਖਵਾ ਕੇ ਆਪਣਾ ਸਾਮਾਨ ਲੈਣ ਦਾ ਵਾਅਦਾ ਕੀਤਾ। ਸਾਨੂੰ ਦੁਬਾਰਾ ਵਧਾਈ ਦੇ ਕੇ ਦੱਸ ਦਿੱਤਾ ਗਿਆ ਕਿ ਇਹ ਨਾਯਾਬ ਤੋਹਫਾ ਸਾਡੇ ਕੋਲ ਅਗਲੇ 24 ਘੰਟਿਆਂ ਵਿੱਚ ਪਹੁੰਚ ਜਾਵੇਗਾ।

ਅਗਲੇ ਦਿਨ ਪਹੁ ਫੁਟਾਲੇ ਹੀ ਸਾਨੂੰ ਮੋਬਾਈਲ 'ਤੇ ਸੂਚਨਾ ਮਿਲ ਗਈ ਕਿ ਸਾਡੀਆਂ ਬੇਸ਼ਕੀਮਤੀ ਅਤੇ ਅਲੌਕਿਕ ਰਜਾਈਆਂ ਨੇੜਲੇ ਸ਼ਹਿਰ ਪਹੁੰਚ ਚੁੱਕੀਆਂ ਤੇ ਦੁਪਹਿਰ 11 ਵਜੇ ਤੱਕ ਸਾਡੇ ਕੋਲ ਪੁੱਜ ਜਾਣਗੀਆਂ। ਅਸੀਂ ਕੰਪਨੀ ਵਾਲਿਆਂ ਦੀ ਫੁਰਤੀ ਦੇਖ ਕੇ ਦੰਗ ਰਹਿ ਗਏ, ਜਿਸ ਨੇ ਹਜ਼ਾਰਾਂ ਮੀਲ ਦੂਰ ਕੋਈ ਬੰਦਰਗਾਹ ਨਾ ਹੋਣ ਦੇ ਬਾਵਜੂਦ ਸਾਡਾ ਸਾਮਾਨ ਸਮੁੰਦਰੀ ਰਸਤੇ ਰਾਹੀਂ ਸਾਨੂੰ ਪਹੁੰਚਾ ਦਿੱਤਾ ਸੀ। ਅਸੀਂ ਆਪਣੇ ਭਾਗਾਂ 'ਤੇ ਰਸ਼ਕ ਕਰਨ ਲੱਗੇ।

ਪੂਰੇ ਗਿਆਰਾਂ ਵਜੇ ਦਰਵਾਜ਼ੇ ਦੀ ਘੰਟੀ ਵੱਜੀ। ਅਸੀਂ ਬਿਹਬਲ ਹੋ ਕੇ ਦਰਵਾਜ਼ੇ ਵੱਲ ਭੱਜੇ। ਸਾਡੇ ਸੁਫਨੇ ਸਾਕਾਰ ਹੋ ਗਏ ਸਨ। ਕੋਰੀਅਰ ਵਾਲਾ ਕਾਰੂੰ ਦਾ ਖਜ਼ਾਨਾ ਲੈ ਕੇ ਸਾਡੇ ਦੁਆਰ ਤੱਕ ਪਹੁੰਚ ਚੁੱਕਾ ਸੀ। ਉਸ ਨੇ ਪੈਸੇ ਵਸੂਲ ਕੇ ਇੱਕ ਬਿਲਕੁਲ ਨਿੱਕਾ ਜਿਹਾ ਪੈਕੇਟ ਸਾਡੇ ਸਪੁਰਦ ਕਰ ਦਿੱਤਾ। ਪੈਕੇਟ ਅਸਲੋਂ ਛੋਟਾ ਸੀ। ਸਾਨੂੰ ਖਦਸ਼ਾ ਸੀ ਕਿ ਇਸ ਵਿੱਚ ਕੋਈ ਨਿੱਕਰ ਜਾਂ ਕਛਹਿਰਾ ਹੀ ਨਾ ਹੋਵੇ, ਪਰ ਅਜਿਹਾ ਪੁੱਛਣਾ ਸਾਨੂੰ ਆਪਣੀ ਸਿਆਣਪ ਦੀ ਤੌਹੀਨ ਕਰਵਾਉਣ ਸਮਾਨ ਲੱਗਾ ਤੇ ਅਸੀਂ ਚੁੱਪ ਕਰ ਕੇ ਉਹ ਪੈਕੇਟ ਰੱਖ ਲਿਆ। ਉਸ ਦੇ ਜਾਣ ਮਗਰੋਂ ਅਸੀਂ ਪੈਕੇਟ ਖੋਲ੍ਹਿਆ ਤਾਂ ਉਸ ਵਿੱਚੋਂ ਦੋ ਪਤਲੀਆਂ ਖੇਸ ਜਿਹੀਆਂ ਚੀਜ਼ਾਂ ਨਿਕਲੀਆਂ। ਉਨ੍ਹਾਂ ਨੂੰ ਰਜਾਈਆਂ ਕਹਿਣਾ ਤਾਂ ਰਜਾਈ ਦੀ ਪਰਿਭਾਸ਼ਾ ਬਦਲਣ ਵਾਲੀ ਗੱਲ ਹੋਵੇਗੀ। ਉਦੇਪੁਰੀ ਰਜਾਈਆਂ ਹਲਕੀਆਂ ਹੋਣਗੀਆਂ, ਪਰ ਇੰਨੀਆਂ ਪਤਲੀਆਂ ਨਹੀਂ ਕਿ ਫੂਕ ਮਾਰਿਆਂ ਉਡ ਜਾਣ। ਸ਼ਾਇਦ ਇਹ ਇਟਲੀ 'ਚ ਬੁਣੇ ਆਲੀਸ਼ਾਨ ਕੱਪੜੇ ਤੇ ਅਮਰੀਕਨ ਰੂੰ ਕਰ ਕੇ ਹਲਕੀਆਂ ਹੋਣ, ਪਰ ਵੈਸੇ ਖੂਬ ਗਰਮ ਤੇ ਨਿੱਖੀਆਂ ਹੋਣ, ਇਹ ਸੋਚ ਕੇ ਅਸੀਂ ਜਨਵਰੀ ਦੀ ਯਖ ਠੰਢੀ ਰਾਤ ਨੂੰ ਟੀ ਵੀ ਚੈਨਲ 'ਤੇ ਇਸ ਦੀ ਮਸ਼ਹੂਰੀ ਕਰਨ ਵਾਲੀ ਮੁਟਿਆਰ ਵਾਂਗ ਇਸ ਨੂੰ ਚਾਰੇ ਪਾਸੇ ਲਪੇਟ ਕੇ ਵਿਹੜੇ ਵਿੱਚ ਸੌਣ ਚਲੇ ਗਏ।

ਸਾਡੀ ਵਹੁਟੀ ਨੇ ਬਥੇਰੀ ਹਾਲ-ਦੁਹਾਈ ਪਾਈ ਕਿ ਐਵੇਂ ਬਮਾਰ-ਠਮਾਰ ਹੋ ਜਾਓਗੇ, ਕਮਰੇ ਅੰਦਰ ਇਹੋ ਗੁਣਵੱਤਾ ਪਰਖ ਲਓ, ਪਰ ਅਸੀਂ ਤੁਰੰਤ ਆਪਣੇ ਪੈਸੇ ਖਰੇ ਕਰਨੇ ਚਾਹੁੰਦੇ ਸੀ। ਵਹੁਟੀ ਦੀਆਂ ਨਸੀਹਤਾਂ ਨੂੰ ਇੱਕ ਕੰਨੋਂ ਸੁਣ ਕੇ ਦੂਜੇ ਕੰਨੋਂ ਕੱਢ ਦਿੱਤਾ। ਕਹਿੰਦੇ ਹਨ, ਸਿਆਣੇ ਦਾ ਕਿਹਾ ਤੇ ਔਲੇ ਦਾ ਖਾਧਾ ਮਗਰੋਂ ਪਤਾ ਲੱਗਦਾ ਹੈ। ਪਤਲੇ ਜਿਹੇ ਚਾਦਰਨੁਮਾ ਖੇਸ ਨੇ ਭਲਾ ਰਜਾਈ ਕਿੱਥੋਂ ਬਣਨਾ ਸੀ? ਸਾਨੂੰ ਠੰਢ ਲੱਗਣ ਲੱਗੀ। ਅਸੀਂ ਸੱਜਿਓਂ-ਖੱਬਿਓਂ ਇਸ ਅਖੌਤੀ ਰਜਾਈ ਨੂੰ ਨੱਪ ਘੁੱਟ ਕੇ ਨਿੱਘੇ ਹੋਣ ਲਈ ਜੱਦੋਜਹਿਦ ਕਰਨ ਲੱਗੇ, ਪਰ ਕੰਬਖਤ ਖੇਸ, ਰਜਾਈ ਨਾ ਬਣਿਆ। ਝੱਟ ਕੁ ਬਾਅਦ ਦੰਦੋੜਿੱਕੀ ਸ਼ੁਰੂ ਹੋ ਗਈ। ਸਰੀਰ ਕੰਬਣ ਲੱਗ ਪਿਆ। ਹੱਥ ਪੈਰ ਠੰਢੇ ਹੋ ਗਏ। ਸਾਰੇ ਟੱਬਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਵਿਚਾਰੇ ਸਣੇ ਮੰਜੇ ਸਾਨੂੰ ਕਮਰੇ ਅੰਦਰ ਲੈ ਗਏ। ਕੋਈ ਤਲੀਆਂ ਝੱਸਣ ਲੱਗਾ। ਕੋਈ ਸਾਡੇ 'ਤੇ ਮੋਟੀ ਰਜਾਈ ਦੇਣ ਦਾ ਆਹਰ-ਪਾਹਰ ਕਰਨ ਲੱਗਾ। ਵਿਚਾਰੀ ਵਹੁਟੀ ਗਰਮਾ ਗਰਮ ਕੌਫੀ ਬਣਾਉਣ ਲੱਗੀ। ਇਸ ਓਹੜ-ਪੋਹੜ ਨਾਲ ਅਸੀਂ ਘੰਟੇ ਕੁ ਬਾਅਦ ਅੱਖਾਂ ਖੋਲ੍ਹ ਲਈਆਂ ਤੇ ਡੌਰ-ਭੌਰ ਹੋ ਕੇ ਚਾਰੇ ਪਾਸੇ ਦੇਖਣ ਲੱਗੇ। ਇਸ ਮੂਰਛਿਤ ਹਾਲਤ ਵਿੱਚ ਅਸੀਂ ਯਮਰਾਜ ਨਾਲ ਵੀ ਮਿਲਣੀ ਕਰ ਆਏ ਸੀ ਤੇ ਪਰਵਰਦਿਗਾਰ ਨੂੰ ਆਪਣੇ ਚੰਗੇ-ਮਾੜੇ ਕੰਮਾਂ ਦਾ ਲੇਖਾ ਜੋਖਾ ਵੀ ਦੇ ਆਏ।

ਖੈਰ, ਕੋਈ ਗੱਲ ਨਹੀਂ! ਅਸੀਂ ਦਿਲ ਛੱਡਣ ਵਾਲਿਆਂ 'ਚੋਂ ਨਹੀਂ। ਅਸੀਂ ਇਨ੍ਹਾਂ ਅਖੌਤੀ ਰਜਾਈਆਂ ਨੂੰ ਗਰਮੀਆਂ 'ਚ ਚਾਦਰਾਂ ਦੇ ਤੌਰ 'ਤੇ ਵਰਤ ਲਵਾਂਗੇ। ਇਨ੍ਹਾਂ 'ਤੇ ਛਪੇ ਹਾਥੀ ਸਾਡੇ 'ਚ ਵੀਰਤਾ ਦਾ ਜਜ਼ਬਾ ਪੈਦਾ ਕਰ ਕੇ ਸਾਨੂੰ ਮੱਛਰਾਂ ਨਾਲ ਲੜਨ ਦੀ ਤਾਕਤ ਬਖਸ਼ਣਗੇ। ਅਸੀਂ ਮਾਰੂ ਬਿਮਾਰੀਆਂ ਤੋਂ ਬਚੇ ਰਹਾਂਗੇ। ਉਮਰ ਵੀ ਲੰਮੇਰੀ ਹੋਵੇਗੀ।

# ਜਿੱਥੇ ਚਾਹ ਉੱਥੇ ਰਾਹ...

-ਸੁਪਿੰਦਰ ਸਿੰਘ ਰਾਣਾ-

ਪਿੰਡ ਵਿੱਚ ਦੋਸਤ ਦੇ ਭਰਾ ਦਾ ਆਪਣੀ ਪਤਨੀ ਨਾਲ ਝਗੜਾ ਹੋ ਗਿਆ। ਉਹ ਰੁੱਸ ਕੇ ਪੇਕੇ ਚਲੀ ਗਈ। ਦੋਵਾਂ ਪਰਵਾਰਾਂ ਵਿੱਚ ਗੱਲ ਏਨੀ ਵਧ ਗਈ ਕਿ ਨੌਬਤ ਤਲਾਕ ਤੱਕ ਜਾ ਪੁੱਜੀ। ਕੁੜੀ ਵਾਲਿਆਂ ਨੇ ਮੁੰਡੇ ਵਾਲਿਆਂ ਖਿਲਾਫ ਪੁਲਸ ਨੂੰ ਸ਼ਿਕਾਇਤ ਕਰ ਦਿੱਤੀ। ਪਹਿਲੀ ਤਰੀਕ 'ਤੇ ਮੁੰਡਾ ਕਾਰ ਵਿੱਚ ਆਪਣੇ ਮਾਪਿਆਂ ਤੇ ਸਾਬਕਾ ਸਰਪੰਚ ਨੂੰ ਬਿਠਾ ਕੇ ਮੇਰੇ ਘਰ ਆ ਗਿਆ। ਦੋਸਤ ਨਾਲ ਭਰਾਵਾਂ ਵਰਗਾ ਰਿਸ਼ਤਾ ਹੋਣ ਕਾਰਨ ਮੈਂ ਜਾਣ ਤੋਂ ਨਾਂਹ ਨਾ ਕਰ ਸਕਿਆ। ਅਸੀਂ ਮਿੱਥੇ ਸਮੇਂ ਤੋਂ ਪਹਿਲਾਂ ਵੂਮੈਨ ਸੈਲ ਪਹੁੰਚੇ ਗਏ। ਪੁਲਸ ਇੰਚਾਰਜ ਨੇ ਦੋਵਾਂ ਪੱਖਾਂ ਦੀ ਗੱਲ ਸੁਣਨ ਤੋਂ ਬਾਅਦ ਮੁੰਡੇ-ਕੁੜੀ ਨੂੰ ਇੱਕ ਕਮਰੇ ਵਿੱਚ ਕੁਝ ਚਿਰ ਬਿਤਾਉਣ ਲਈ ਮਨਾ ਲਿਆ। ਏਨੇ ਨੂੰ ਪੁਲਸ ਵਾਲੇ ਹੋਰ ਕੇਸਾਂ ਦੀ ਪਾਰਵਾਈ ਕਰਨ ਲੱਗੇ।

ਜਦੋਂ ਦੋਵੇਂ ਜੀਅ ਕਮਰੇ ਵਿੱਚੋਂ ਬਾਹਰ ਆਏ ਤਾਂ ਇੰਚਾਰਜ ਨੇ ਉਨ੍ਹਾਂ ਨੂੰ ਆਪਣੇ ਕੋਲ ਬਿਠਾ ਕੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਤੇ ਫੇਰ ਸਾਨੂੰ ਸਾਰਿਆਂ ਨੂੰ ਅੰਦਰ ਸੱਦਿਆ। ਦੋਵਾਂ ਦੇ ਮਾਪਿਆਂ ਨੂੰ ਕਈ ਸਵਾਲ ਪੁੱਛੇ ਗਏ। ਮੁੰਡੇ ਦੇ ਮਾਪਿਆਂ ਨੇ ਕਿਹਾ ਕਿ ਕੁੜੀ ਸਾਡੇ ਮੁੰਡੇ ਨਾਲ ਆਨੇ-ਬਹਾਨ ਲੜਦੀ ਹੈ ਤੇ ਸਾਨੂੰ ਚੰਗਾ ਨਹੀਂ ਸਮਝਦੀ। ਕੁੜੀ ਦੇ ਮਾਪਿਆਂ ਨੇ ਆਪਣੇ ਕੁੜਮਾਂ ਉੱਤੇ ਕਈ ਤਰ੍ਹਾਂ ਦੀਆਂ ਤੋਹਮਤਾਂ ਲਾਈਆਂ। ਪੁਲਸ ਵਾਲਿਆਂ ਨੇ ਦੋਵਾਂ ਪੱਖਾਂ ਦੀ ਗੱਲਬਾਤ ਸੁਣ ਕੇ ਅਗਲੇ ਮਹੀਨੇ ਦੀ ਤਰੀਕ ਪਾ ਦਿੱਤੀ। ਇੰਝ ਅਸੀਂ ਕਈ ਵਾਰ ਸੰਬੰਧਤ ਥਾਣੇ ਵਿੱਚ ਜਾਂਦੇ ਰਹੇ। ਗੱਲ ਕਿਸੇ ਤਣ ਪੱਤਣ ਨਾ ਲੱਗੀ। ਮੈਂ ਮੁੰਡੇ ਵਾਲਿਆਂ ਨਾਲ ਜਾਂਦਾ ਜ਼ਰੂਰ ਸੀ, ਪਰ ਮੇਰਾ ਮਨ ਚਾਹੁੰਦਾ ਸੀ ਕਿ ਮੁੰਡੇ ਤੇ ਕੁੜੀ ਦਾ ਘਰ ਵੱਸ ਜਾਵੇ।

ਇੱਕ ਦੋ ਵਾਰੀ ਕੁੜੀ ਵਾਲਿਆਂ ਦੇ ਪਿੰਡ ਦਾ ਸਰਪੰਚ ਤਰੀਕ 'ਤੇ ਆਇਆ। ਉਸ ਨੇ ਬੜੀ ਨਿਮਰਤਾ ਨਾਲ ਦੋਵੇਂ ਧਿਰਾਂ ਨਾਲ ਗੱਲਬਾਤ ਕੀਤੀ। ਇੱਕ ਵਾਰ ਤਰੀਕ 'ਤੇ ਉਹ ਮੈਨੂੰ ਹੱਥ ਫੜ ਕੇ ਬਾਹਰ ਲੈ ਗਿਆ। ਉਸ ਨੇ ਪਹਿਲਾਂ ਸੰਬੰਧਤ ਪਰਵਾਰ ਨਾਲ ਮੇਰਾ ਰਿਸ਼ਤਾ ਪੁੱਛਿਆ ਤੇ ਫੇਰ ਦੋਵਾਂ ਧਿਰਾਂ ਨੂੰ ਮਿਲਾਉਣ ਦੀ ਗੱਲ ਕੀਤੀ। ਮੈਂ ਉਸ ਨੂੰ ਕਿਹਾ ਕਿ ਮੁੰਡੇ ਵਾਲੇ ਕੁੜੀ ਨੂੰ ਲਿਆਉਣ ਨਹੀਂ ਚਾਹੁੰਦੇ। ਉਸ ਨੇ ਕਿਹਾ ਕਿ ਆਪਾਂ ਦੋਵੇਂ ਕੋਸ਼ਿਸ਼ ਕਰ ਕੇ ਦੇਖ ਲੈਂਦੇ ਹਾਂ। ਮੈਂ ਉਸ ਨੂੰ ਕਿਹਾ ਕਿ ਮੈਂ ਕਦੇ ਅਜਿਹੇ ਕੇਸ ਵਿੱਚ ਨਹੀਂ ਪਿਆ। ਸਰਪੰਚ ਨੇ ਕਿਹਾ, ''ਜ਼ਿੰਦਗੀ ਵਿੱਚ ਬਹੁਤ ਕੰਮ ਪਹਿਲੀ ਵਾਰ ਕਰਨੇ ਪੈਂਦੇ ਹਨ। ਇਸ ਕਰ ਕੇ ਆਪਾਂ ਦੋਵੇਂ ਹਿੰਮਤ ਕਰੀਏ ਤਾਂ ਕੁੜੀ ਮੁੰਡੇ ਦਾ ਘਰ ਵਸ ਸਕਦਾ ਹੈ।''

ਅਗਲੀ ਤਰੀਕ ਮਿਲਣ 'ਤੇ ਸਰਪੰਚ ਨੇ ਸਭ ਦੇ ਸਾਹਮਣੇ ਪੁਲਸ ਇੰਚਾਰਜ ਨੂੰ ਆਪਣੇ ਵੱਲੋਂ ਦੋਵਾਂ ਪਰਵਾਰਾਂ ਨੂੰ ਮਿਲਾਉਣ ਲਈ ਯਤਨ ਕਰਨ ਦੀ ਇਜਾਜ਼ਤ ਮੰਗੀ। ਇੰਚਾਰਜ ਬੜੀ ਖੁਸ਼ ਹੋਈ। ਦੋਵਾਂ ਪਰਵਾਰਾਂ ਦੇ ਮੈਂਬਰ ਇੱਕ ਦੂਜੇ ਦੇ ਘਰ ਆਉਣਾ ਨਹੀਂ ਚਾਹੁੰਦੇ ਸਨ। ਇਸ ਲਈ ਸਰਪੰਚ ਨੇ ਪਹਿਲੀ ਮਿਲਣੀ ਕਿਸੇ ਹੋਟਲ ਵਿੱਚ ਕਰਾਉਣ ਲਈ ਦਿਨ ਤੈਅ ਕਰ ਲਿਆ। ਦੋਵੇਂ ਪਰਵਾਰ ਸੰਬੰਧਤ ਹੋਟਲ ਵਿੱਚ ਪਹੁੰਚ ਗਏ। ਦੋਵਾਂ ਪਰਵਾਰਾਂ ਨੇ ਇੱਕ ਦੂਜੇ ਪ੍ਰਤੀ ਕਾਫੀ ਭੜਾਸ ਕੱਢੀ। ਪੁਲਸ ਵਾਲੇ ਕੋਲ ਨਾ ਹੋਣ ਕਾਰਨ ਕਈ ਵਾਰ ਗੱਲ ਹੱਥੋਪਾਈ ਤੱਕ ਪਹੁੰਚੀ। ਜਦੋਂ ਦੋਵੇਂ ਪਰਵਾਰਾਂ ਦੇ ਮੈਂਬਰ ਕੁਝ ਸ਼ਾਂਤ ਹੋਏ ਤਾਂ ਸਰਪੰਚ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਸ ਤਰ੍ਹਾਂ ਗੱਲ ਨਹੀਂ ਬਣਨੀ। ਪਿਛਲੀਆਂ ਗੱਲਾਂ ਸਭ ਭੁੱਲ ਕੇ ਨਵੇਂ ਸਿਰੇ ਤੋਂ ਜ਼ਿੰਦਗੀ ਜਿਊਣ ਦੀ ਗੱਲ ਕਰੋ। ਇਹ ਗੱਲਾਂ ਦੋਵਾਂ ਪਰਵਾਰਾਂ ਨੂੰ ਚੰਗੀਆਂ ਨਾ ਲੱਗੀਆਂ, ਸਗੋਂ ਮੁੰਡੇ ਵਾਲਾ ਪਰਵਾਰ ਤਾਂ ਕਮਰੇ ਤੋਂ ਬਾਹਰ ਨਿਕਲ ਗਿਆ। ਮੈਂ ਮੁੰਡੇ ਵਾਲੇ ਪਰਵਾਰ ਨੂੰ ਬੈਠਣ ਲਈ ਬਥੇਰਾ ਜ਼ੋਰ ਲਾਇਆ, ਪਰ ਉਹ ਨਾ ਮੰਨੇ ਤਾਂ ਮੈਨੂੰ ਵੀ ਉਨ੍ਹਾਂ ਨਾਲ ਜਾਣਾ ਪਿਆ। ਦੂਜੇ ਦਿਨ ਮੁੰਡੇ ਵਾਲਿਆਂ ਨੇ ਮੈਨੂੰ ਘਰ ਬੁਲਾ ਕੇ ਕਿਹਾ ਕਿ ਤੇਰੀ ਉਨ੍ਹਾਂ ਦੇ ਸਰਪੰਚ ਨਾਲ ਬਣਦੀ ਹੈ, ਇਸ ਲਈ ਤੂੰ ਕਿਸੇ ਤਰ੍ਹਾਂ ਗੱਲ ਨਿਪਟਾਉਣ ਦੀ ਕੋਸ਼ਿਸ਼ ਕਰ। ਮੁੰਡੇ ਦੀ ਮਾਂ ਆਖਣ ਲੱਗੀ, ''ਕੁੜੀ ਨੂੰ ਤਾਂ ਅਸੀਂ ਆਪਣੇ ਘਰ ਵੜਨ ਨਹੀਂ ਦੇਣਾ।'' ਕੁਝ ਦਿਨਾਂ ਬਾਅਦ ਮੈਂ ਫੋਨ 'ਤੇ ਸਰਪੰਚ ਨੂੰ ਸਾਰੀ ਗੱਲ ਦੱਸੀ। ਉਸ ਨੇ ਮੈਨੂੰ ਇੱਕ ਦੋ ਦਿਨਾਂ ਤੱਕ ਇਕੱਲੇ ਨੂੰ ਆਪਣੇ ਕੋਲ ਆਉਣ ਨੂੰ ਕਿਹਾ। ਅਸੀਂ ਦੋਵਾਂ ਮਿਲ ਕੇ ਦੋਵੇਂ ਪਰਵਾਰਾਂ ਨੂੰ ਨੇੜੇ ਲਿਆਉਣ ਦੀ ਵਿਉਂਤ ਬਣਾਈ। ਦੋਵਾਂ ਪਰਵਾਰਾਂ ਤੋਂ ਸਮਾਂ ਲੈ ਕੇ ਅਸੀਂ ਮੁੰਡੇ ਵਾਲਿਆਂ ਦੇ ਮਿੱਤਰ ਦੇ ਘਰ ਇਕੱਠੇ ਹੋਏ। ਉਥੇ ਦੋਵਾਂ ਪਰਵਾਰਾਂ ਦੇ ਇੱਕ ਦੋ ਹੋਰ ਰਿਸ਼ਤੇਦਾਰਾਂ ਨੂੰ ਸੱਦ ਲਿਆ। ਜਦੋਂ ਕਈ ਪਾਸਿਓਂ ਦਬਾਅ ਪਿਆ। ਮੁੰਡੇ ਵਾਲਿਆਂ ਦਾ ਪਰਵਾਰ ਕਹਿਣ ਲੱਗਿਆ ਕਿ ਜੇ ਕੁੜੀ ਨੇ ਸਾਡੇ ਘਰ ਆ ਕੇ ਕੁਝ ਖਾ ਪੀ ਲਿਆ ਤਾਂ ਅਸੀਂ ਸਾਰੀ ਉਮਰ ਲਈ ਬੰਨ੍ਹੇ ਜਾਵਾਂਗੇ। ਇਸ ਲਈ ਸਾਡੀ ਤਾਂ ਨਾਂਹ ਹੈ ਜੀ। ਸਰਪੰਚ ਅਤੇ ਮੈਂ ਦੋਵਾਂ ਪਰਵਾਰਾਂ ਨੂੰ ਕਿਹਾ ਅਜਿਹਾ ਕੁਝ ਨਹੀਂ ਹੋਵੇਗਾ। ਸਰਪੰਚ ਨੇ ਕੁੜੀ ਵਾਲਿਆਂ ਦੇ ਪਰਵਾਰ ਦੀ ਤੇ ਮੈਂ ਮੁੰਡੇ ਵਾਲਿਆਂ ਦੀ ਜ਼ਿੰਮੇਵਾਰੀ ਲਈ।

ਦੋਵਾਂ ਪਰਵਾਰਾਂ ਦੇ ਨੇੜੇ ਆਉਣ ਦਾ ਮੁੱਢ ਬੱਝ ਗਿਆ। ਕੁਝ ਦਿਨ ਬਾਅਦ ਅਗਲੀ ਮੀਟਿੰਗ ਸਰਪੰਚ ਦੇ ਘਰ ਰੱਖੀ ਗਈ। ਉਸ ਦਿਨ ਵਿਆਹ ਵਰਗਾ ਮਾਹੌਲ ਬਣ ਗਿਆ। ਮੁੰਡੇ ਵਾਲੇ ਮੈਨੂੰ ਦੱਸੇ ਬਿਨਾਂ ਆਪਣੇ ਨਾਲ ਕਈ ਤਰ੍ਹਾਂ ਦੇ ਕਾਗਜ਼ ਟਾਈਪ ਕਰਾ ਲਿਆਏ ਸਨ ਜਿਨ੍ਹਾਂ 'ਤੇ ਅਸੀਂ ਸਾਰਿਆਂ ਨੇ ਦਸਖਤ ਕਰ ਦਿੱਤੇ। ਸਰਪੰਚ ਨੇ ਸਭ ਨੂੰ ਰੋਟੀ ਪਾਣੀ ਛਕਾ ਕੇ ਕੁੜੀ ਆਪਣੇ ਘਰੋਂ ਵਿਦਾ ਕੀਤੀ। ਸਰਪੰਚ ਦੇ ਕਹੇ ਉਤੇ ਮੈਂ ਆਨੇ ਬਹਾਨੇ ਕਈ ਵਾਰ ਮੁੰਡੇ ਵਾਲਿਆਂ ਦੇ ਘਰ ਜਾ ਆਉਂਦਾ ਸੀ ਤੇ ਸਰਪੰਚ ਨੂੰ ਇਸ ਬਾਰੇ ਫੋਨ 'ਤੇ ਦੱਸ ਦਿੰਦਾ। ਫੈਸਲੇ ਅਨੁਸਾਰ ਕੁਝ ਸਮਾਂ ਕੁੜੀ ਦਾ ਪੇਕਾ ਪਰਵਾਰ ਮੁੰਡੇ ਵਾਲਿਆਂ ਕੋਲ ਨਾ ਆਇਆ। ਇਸ ਘਟਨਾ ਨੂੰ ਕਈ ਸਾਲ ਬੀਤ ਚੁੱਕੇ ਹਨ। ਮੁੰਡਾ ਕੁੜੀ ਦੋ ਬੱਚਿਆਂ ਦੇ ਮਾਂ-ਬਾਪ ਬਣ ਚੁੱਕੇ ਹਨ।

ਅੱਜਕੱਲ੍ਹ ਮੁੰਡਾ ਵਿਦੇਸ਼ ਗਿਆ ਹੋਇਆ ਸੀ। ਪਿੱਛੋਂ ਉਸ ਦੀ ਪਤਨੀ ਆਪਣੇ ਸੱਸ-ਸਹੁਰੇ ਦਾ ਖਿਆਲ ਰੱਖਦੀ ਸੀ। ਦੋ ਕੁ ਮਹੀਨੇ ਪਹਿਲਾਂ ਜਦੋਂ ਦੋਸਤ ਦੀ ਮਾਂ ਪਿੰਡ ਦੀ ਗਲੀ ਵਿੱਚ ਮਿਲੀ ਤਾਂ ਆਖਣ ਲੱਗੀ, ''ਪੁੱਤ ਜੇ ਤੂੰ ਤੇ ਸਰਪੰਚ ਨੇ ਹਿੰਮਤ ਨਾ ਕੀਤੀ ਹੁੰਦੀ ਤਾਂ ਸਾਡਾ ਬੁਢੇਪਾ ਰੁਲ ਜਾਣਾ ਸੀ।'' ਉਸ ਸਮੇਂ ਤਾਂ ਮੈਂ ਇਹ ਕਹਿ ਕੇ ਉਨ੍ਹਾਂ ਕੋਲੋਂ ਲੰਘ ਗਿਆ ਕਿ ਪਰਮਾਤਮਾ ਜੋ ਕਰਦਾ ਹੈ ਚੰਗਾ ਹੀ ਕਰਦਾ ਹੈ। ਪਿੱਛੋਂ ਮੈਂ ਕਈ ਦਿਨ ਸੋਚਦਾ ਰਿਹਾ ਕਿ ਜੇ ਸਰਪੰਚ ਨੇ ਉਸ ਸਮੇਂ ਹਿੰਮਤ ਨਾ ਦਿਖਾਈ ਹੁੰਦੀ ਤਾਂ ਸ਼ਾਇਦ ਅੱਜ ਕਚਹਿਰੀਆਂ ਵਿੱਚ ਦੋਵੇਂ ਪਰਵਾਰਾਂ ਨੇ ਗੇੜੇ ਮਾਰਦਿਆਂ ਇੱਕ ਦੂਜੇ ਦੇ ਦੁਸ਼ਮਣ ਬਣੇ ਰਹਿਣਾ ਸੀ।






# ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਤੋਂ ਜੀ ਐਸ ਟੀ ਬਕਾਇਆ ਤੇ ਹੋਰ ਮਦਦ ਮੰਗੀ

ਚੰਡੀਗੜ੍ਹ, 7 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਕਾਰਨ ਪੈਦਾ ਹੋਏ ਸੰਕਟ ਨਾਲ ਨਜਿੱਠਣ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਐਸ ਟੀ ਬਕਾਏ ਦੀ ਅਦਾਇਗੀ ਤੁਰੰਤ ਕਰਨ ਅਤੇ ਹੋਰ ਲਟਕਦੇ ਮਾਮਲਿਆਂ ਦੇ ਹੱਲ ਲਈ ਦਖ਼ਲ ਦੇਣ ਵਾਸਤੇ ਪੱਤਰ ਲਿਖਿਆ ਹੈ। ਉਨ੍ਹਾਂ ਇਸੇ ਤਰ੍ਹਾਂ ਦਾ ਇੱਕ ਪੱਤਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖਿਆ ਹੈ।



ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬੇ ਨੂੰ ਗੰਭੀਰ ਵਿੱਤੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਇਸ ਚੁਣੌਤੀ ਦਾ ਸਾਹਮਣਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਰਾਜ ਸਰਕਾਰ ਕੇਂਦਰੀ ਸਿਹਤ ਮੰਤਰਾਲੇ ਅਤੇ ਮੁੱਖ ਸਕੱਤਰ ਰਾਹੀਂ ਕੈਬਨਿਟ ਸਕੱਤਰ ਨਾਲ ਲਗਾਤਾਰ ਮਿਲ ਕੇ ਕੰਮ ਕਰ ਰਹੀ ਹੈ। ਉਨ੍ਹਾ ਕਿਹਾ ਕਿ ਮਹਾਮਾਰੀ ਨਾਲ ਲੜਨ ਲਈ ਵੱਡੇ ਸਰੋਤਾਂ ਦੀ ਲੋੜ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਜੀ ਐਸ ਟੀ ਬਕਾਇਆ 6752.83 ਕਰੋੜ ਰੁਪਏ ਬਣਦਾ ਹੈ। ਉਨ੍ਹਾਂ ਨੇ ਐਫ ਆਰ ਬੀ ਐਮ ਐਕਟ ਤਹਿਤ ਉਧਾਰ ਲੈਣ ਦੀ ਹੱਦ ਤਿੰਨ ਫ਼ੀਸਦੀ ਤੋਂ ਵਧਾ ਕੇ ਚਾਰ ਫ਼ੀਸਦੀ ਕਰਨ, ਵਪਾਰਕ ਬੈਕਾਂ ਵੱਲੋਂ ਉਦਯੋਗਿਕ ਕਰਜ਼ੇ ਮੁਲਤਵੀ ਕਰਨ ਅਤੇ ਖੇਤੀਬਾੜੀ, ਫ਼ਸਲੀ ਕਰਜ਼ੇ ਮੁਲਤਵੀ ਕਰਨ ਤੇ ਇਸ ਉੱਤੇ ਤਿੰਨ ਮਹੀਨੇ ਵਿਆਜ ਦੀ ਛੋਟ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਵਿੱਤ ਕਮਿਸ਼ਨ ਦੀਆਂ ਗਰਾਂਟਾਂ ਵਰਤਣ ਦੀ ਇਜਾਜ਼ਤ ਦੇਣ ਦੇ ਨਾਲ ਸੀ ਐਸ ਐਸ ਅਧੀਨ 25 ਫ਼ੀਸਦੀ ਫਲੈਕਸੀ ਫੰਡ ਵਰਤਣ ਅਤੇ ਇਸ ਨੂੰ 50 ਫ਼ੀਸਦੀ ਤੱਕ ਵਧਾਉਣ ਦੀ ਮੰਗ ਕੀਤੀ ਹੈ।

ਪੰਜਾਬ ਦੇ ਮੁੱਖ ਮੰਤਰੀ ਨੇ ਪੁਲਸ ਮੁਲਾਜ਼ਮਾਂ ਤੇ ਸਫ਼ਾਈ ਕਾਮਿਆਂ ਦੇ ਬੀਮੇ ਲਈ ਸੂਬੇ ਦੀ ਮੰਗ ਨੂੰ ਦੁਹਰਾਇਆ ਹੈ। ਉਨ੍ਹਾਂ ਨੇ ਮਗਨ-ਰੇਗਾ ਹੇਠ ਤਿੰਨ ਮਹੀਨੇ ਪ੍ਰਤੀ ਮਹੀਨਾ 15 ਦਿਨ ਦਾ ਬੇਰੁਜ਼ਗਾਰੀ ਭੱਤਾ ਦੇਣ, ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਕਿਰਤ ਦੇ ਖਰਚਿਆਂ ਦੀ ਅਦਾਇਗੀ ਲਈ ਮਗਨਰੇਗਾ ਹੇਠ 10 ਦਿਨਾਂ ਦਾ ਭੱਤਾ ਦੇਣ ਦੀ ਮੰਗ ਕੀਤੀ ਹੈ।

# ਕੋਰੋਨਾ ਰਾਹਤ ਲਈ ਨਵਜੋਤ ਸਿੱਧੂ ਦੀਆਂ ਤਸਵੀਰਾਂ ਵਾਲੇ ਪੈਕੇਟ ਵੰਡੇ ਗਏ

ਅੰਮ੍ਰਿਤਸਰ, 7 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਲੱਗੇ ਹੋਏ ਕਰਫਿਊ ਦੌਰਾਨ ਲੋੜਵੰਦਾਂ ਨੂੰ ਵੰਡੇ ਜਾ ਰਹੇ ਲੋੜੀਂਦੇ ਸਾਮਾਨ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਤਸਵੀਰ ਛਾਪਣ ਤੋਂ ਬਾਅਦ ਅਜਿਹੇ ਸਾਮਾਨ 'ਤੇ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਦੀ ਤਸਵੀਰ ਵੀ ਦਿਖਾਈ ਦੇਣ ਲੱਗ ਪਈ ਹੈ। ਰਾਸ਼ਨ ਦੀਆਂ ਵਸਤਾਂ ਵਾਲਾ ਇਹ ਸਾਮਾਨ ਕੱਲ੍ਹ ਨਵਜੋਤ ਸਿੰਘ ਸਿੱਧੂ ਦੇ ਹਲਕੇ ਵਿੱਚ ਵੰਡਿਆ ਗਿਆ ਹੈ।

ਵਰਨਣ ਯੋਗ ਹੈ ਕਿ ਕਰਫਿਊ ਦੌਰਾਨ ਵੰਡੇ ਗਏ ਰਾਸ਼ਨ ਦੇ ਸਾਮਾਨ ਦੇ ਪੈਕੇਟ ਉਪਰ ਸਟਿੱਕਰ ਲਾਇਆ ਗਿਆ ਹੈ ਜਿਸ ਉਪਰ ਨਵਜੋਤ ਸਿੰਘ ਸਿੱਧੂ ਵੱਲੋਂ ਸ਼ੁਰੂ ਕੀਤੇ ਯੂ-ਟਿਊਬ ਚੈਨਲ 'ਜਿੱਤੇਗਾ ਪੰਜਾਬ' ਦੀ ਤਸਵੀਰ, ਇਸ ਦੇ ਦੋਵੇਂ ਪਾਸੇ ਹੇਠਾਂ



ਨਵਜੋਤ ਸਿੰਘ ਸਿੱਧੂ ਤੇ ਉਨ੍ਹਾਂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਦੀ ਤਸਵੀਰ ਹੈ। ਸਭ ਤੋਂ ਉਪਰ ਸੋਨੀਆ ਗਾਂਧੀ, ਰਾਹੁਲ ਗਾਂਧੀ, ਪ੍ਰਿੰਯਕਾ ਗਾਂਧੀ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਫੋਟੋ ਹੈ। ਇਨ੍ਹਾਂ ਦੇ ਇੱਕ ਪਾਸੇ ਭਗਤ ਸਿੰਘ ਦੀ ਅਤੇ ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਹੈ। ਇਸ ਰਾਹਤ ਸਮੱਗਰੀ ਵਿੱਚ ਰਸੋਈ ਨਾਲ ਸਬੰਧਤ ਅਤੇ ਨਿੱਤ ਵਰਤੋਂ ਦੀਆਂ ਵਸਤਾਂ ਸ਼ਾਮਲ ਹਨ।

ਕੁਝ ਦਿਨ ਪਹਿਲਾਂ ਨਵਜੋਤ ਸਿੰਘ ਸਿੱਧੂ ਵੱਲੋਂ ਕਰਫਿਊ ਦੌਰਾਨ ਆਪਣੇ ਹਲਕੇ ਵਿੱਚ ਕੌਂਸਲਰ ਦੀ ਮਦਦ ਨਾਲ ਅਜਿਹੀ ਰਾਹਤ ਸਮੱਗਰੀ ਵੰਡੀ ਗਈ ਸੀ। ਕੱਲ੍ਹ ਉਨ੍ਹਾਂ ਦੇ ਇੱਕ ਦਫ਼ਤਰੀ ਅਮਲੇ ਦੇ ਮੈਂਬਰ ਗਿਰੀਸ਼ ਸ਼ਰਮਾ ਤੇ ਕੌਂਸਲਰ ਮੋਨਿਕਾ ਸ਼ਰਮਾ ਨੇ ਵਾਰਡ ਨੰਬਰ-27 ਵਿੱਚ ਅਜਿਹੇ ਪੈਕੇਟ ਵੰਡੇ ਹਨ ਜਿਨ੍ਹਾਂ ਉਤੇ ਇਹ ਤਸਵੀਰਾਂ ਲੱਗੀਆਂ ਸਨ। ਜਦੋਂ ਇਸ ਬਾਰੇ ਪੁੱਛਿਆ ਤਾਂ ਗਿਰੀਸ਼ ਨੇ ਆਖਿਆ ਕਿ ਇਸ ਬਾਰੇ ਕਿਸੇ ਨੇ ਇਤਰਾਜ਼ ਨਹੀਂ ਕੀਤਾ। ਅਜਿਹੇ ਲਗਭਗ 500 ਪੈਕੇਟ ਵੰਡੇ ਗਏ ਹਨ। ਇਸ ਸਾਮਾਨ ਲੋੜਵੰਦ ਲੋਕਾਂ ਨੂੰ ਘਰ ਘਰ ਜਾ ਕੇ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਲੋਕਾਂ ਨੂੰ ਮਾਸਕ, ਦਸਤਾਨੇ ਅਤੇ ਲੰਗਰ ਵਰਤਾਉਣ ਦਾ ਵੀ ਕੰਮ ਕੀਤਾ ਜਾ ਰਿਹਾ ਹੈ।

## ਕਰਫਿਊ ਦੌਰਾਨ ਪੁਲਸ ਪਾਰਟੀ 'ਤੇ ਹਮਲਾ, ਹੋਮਗਾਰਡ ਦਾ ਜਵਾਨ 24 ਫੀਸਦੀ ਝੁਲਸਿਆ

ਨੂਰਮਹਿਲ, 7 ਅਪ੍ਰੈਲ (ਪੋਸਟ ਬਿਊਰੋ)- ਇਥੋਂ ਨੇੜਲੇ ਪਿੰਡ ਪੰਡੋਰੀ ਜਗੀਰ ਵਿਖੇ ਥਾਣਾ ਨੂਰਮਹਿਲ ਦੇ ਏ ਐਸ ਆਈ ਸਰੂਪ ਸਿੰਘ ਅਤੇ ਹੋਮਗਾਰਡ ਜਵਾਨ ਰਸ਼ਪਾਲ ਸਿੰਘ ਉੱਤੇ ਉਥੋਂ ਦੇ ਵਸਨੀਕ ਦੇਸ ਰਾਜ ਪੁੱਤਰ ਤਾਰਾ ਚੰਦ ਨੇ ਗਸ਼ਤ ਦੌਰਾਨ ਤੇਲ ਸੁੱਟ ਕੇ ਅੱਗ ਲਾਉਣ ਦੀ ਕੋਸ਼ਿਸ਼ ਕੀਤੀ, ਜਿਸ ਵਿੱਚ ਰਸ਼ਪਾਲ ਸਿੰਘ, ਜੋ ਮੋਟਰ ਸਾਈਕਲ ਚਲਾ ਰਿਹਾ ਸੀ, ਅੱਗ ਦੀ ਲਪੇਟ 'ਚ ਆ ਗਿਆ। ਡਾਕਟਰਾਂ ਅਨੁਸਾਰ ਉਹ 24 ਫੀਸਦੀ ਝੁਲਸ ਗਿਆ। ਏ ਐਸ ਆਈ ਸਰੂਪ ਸਿੰਘ ਵਾਲ ਵਾਲ ਬਚ ਗਿਆ। ਰਸ਼ਪਾਲ ਸਿੰਘ ਨੂੰ ਨੂਰਮਹਿਲ ਤੋਂ ਜਲੰਧਰ ਰੈਫਰ ਕਰ ਦਿੱਤਾ ਗਿਆ ਹੈ।

ਜਾਣਕਾਰ ਸੂਤਰਾਂ ਅਨੁਸਾਰ ਦੋਸ਼ੀ ਦੇਸ ਰਾਜ ਦਾ ਕਹਿਣਾ ਹੈ ਕਿ ਕੁਝ ਦਿਨ ਪਹਿਲਾਂ ਇਨ੍ਹਾਂ ਦੋਵਾਂ ਮੁਲਾਜ਼ਮਾਂ ਨੇ ਉਸ ਨੂੰ ਬੇਇੱਜ਼ਤ ਕੀਤਾ ਸੀ, ਜਿਸ ਦੀ ਰੰਜਿਸ਼ ਵਜੋਂ ਉਸ ਨੇ ਇਹ ਕੰਮ ਕੀਤਾ ਹੈ। ਪੁਲਸ ਨੇ ਉਸ ਨੂੰ ਹਿਰਾਸਤ 'ਚ ਲੈ ਲਿਆ ਹੈ ਅਤੇ ਪਰਚਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਬੀਕਾਨੇਰ ਜਾਣ ਵਾਲੀ ਕੈਂਸਰ ਟ੍ਰੇਨ ਬੰਦ, ਮਰੀਜ਼ ਦੁਖੀ

ਬਠਿੰਡਾ, 7 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਲਾਏ ਲਾਕਡਾਊਨ ਦੇ ਕਾਰਨ ਬਠਿੰਡਾ ਤੋਂ ਬੀਕਾਨੇਰ (ਰਾਜਸਥਾਨ) ਦੇ ਲਈ ਕੈਂਸਰ ਟਰੇਨ ਦੇ ਨਾਂਅ ਤੋਂ ਚੱਲਦੀ ਟਰੇਨ ਬੰਦ ਹੋਣ ਕਾਰਨ ਮਰੀਜ਼ ਪ੍ਰੇਸ਼ਾਨ ਹਨ।

ਵਰਨਣ ਯੋਗ ਹੈ ਕਿ ਇਸ ਟਰੇਨ ਵਿੱਚ ਤੀਹ ਫੀਸਦੀ ਦੇ ਕਰੀਬ ਇਕੱਲੇ ਕੈਂਸਰ ਮਰੀਜ਼ ਸਫਰ ਕਰਦੇ ਸਨ, ਜੋ ਬੀਕਾਨੇਰ ਦੇ ਆਚਾਰੀਆ ਤੁਲਸੀ ਰੀਜਨਲ ਕੈਂਸਰ ਹਸਪਤਾਲ ਅਤੇ ਰਿਸਰਚ ਸੈਂਟਰ ਵਿੱਚ ਓ ਪੀ ਡੀ ਅਤੇ ਚੈਕਅਪ ਦੇ ਲਈ ਜਾਂਦੇ ਸਨ। ਅੱਜਕੱਲ੍ਹ ਇਹ ਲੋਕ ਬਠਿੰਡਾ ਹਸਪਤਾਲ ਵਿੱਚ ਇਲਾਜ ਕਰਾਉਣ ਜਾ ਰਹੇ ਹਨ। ਲਾਕਡਾਊਨ ਦੇ ਬਾਅਦ ਕੈਂਸਰ ਮਰੀਜ਼ਾਂ ਲਈ ਪ੍ਰਸ਼ਾਸਨ ਵੱਲੋਂ ਦਵਾ ਪਹੁੰਚਾਉਣ ਦੇ ਕੋਈ ਬਦਲਵੇਂ ਪ੍ਰਬੰਧ ਨਹੀਂ ਕੀਤੇ ਗਏ। ਬਠਿੰਡਾ ਦੇ ਕੈਂਸਰ ਹਸਪਤਾਲ ਵਿੱਚ ਇਨ੍ਹਾਂ ਮਰੀਜ਼ਾਂ ਨੂੰ ਉਨ੍ਹਾਂ ਦੇ ਇਲਾਜ ਬਾਰੇ ਹਰ ਪ੍ਰਕਾਰ ਦੀ ਦਵਾ ਮਿਲ ਰਹੀ ਹੈ।

ਬਠਿੰਡਾ ਦੇ ਐਡਵਾਂਸਡ ਕੈਂਸਰ ਇੰਸਟੀਚਿਊਟ ਵਿੱਚ ਇਸ ਸਮੇਂ 200 ਮਰੀਜ਼ਾਂ ਦੀ ਰੋਜ਼ ਓ ਪੀ ਡੀ ਚੱਲ ਰਹੀ ਹੈ। ਪਹਿਲਾਂ ਵੀ ਏਥੇ ਇੰਨੇ ਮਰੀਜ਼ਾਂ ਦੀ ਓ ਪੀ ਡੀ ਹੁੰਦੀ ਸੀ, ਪਰ ਹਸਪਤਾਲ ਵੱਲੋਂ ਇਸ ਸਮੇਂ ਸਿਰਫ ਉਨ੍ਹਾਂ ਮਰੀਜ਼ਾਂ ਨੂੰ ਇਥੇ ਬੁਲਾਇਆ ਜਾ ਰਿਹਾ ਹੈ, ਜਿਨ੍ਹਾਂ ਨੂੰ ਵੱਧ ਲੋੜ ਹੈ। ਏਥੇ 11 ਡਾਕਟਰ ਮਰੀਜ਼ਾਂ ਦਾ ਇਲਾਜ ਕਰਦੇ ਹਨ। ਕੋਰੋਨਾ ਵਾਇਰਸ ਦੇ ਕਾਰਨ ਆਈਸੋਲੇਸ਼ਨ ਵਾਰਡ ਵੀ ਬਣਾਇਆ ਗਿਆ ਹੈ। ਇਸ ਇੰਸਟੀਚਿਊਟ ਦੇ ਕਾਰਜਕਾਰੀ ਡਾਇਰੈਕਟਰ ਡਾਕਟਰ ਦੀਪਕ ਅਰੋੜਾ ਨੇ ਦੱਸਿਆ ਕਿ ਮਰੀਜ਼ਾਂ ਨੂੰ ਇੱਕ ਮਹੀਨੇ ਦੀ ਦਵਾ ਐਡਵਾਂਸ ਵਿੱਚ ਦੇ ਦਿੱਤੀ ਜਾਂਦੀ ਹੈ।

# ਕੋਰੋਨਾ ਵਾਇਰਸ ਕਾਰਨ ਮਰੀ ਔਰਤ ਦੀ ਲਾਸ਼ ਲੈਣ ਤੋਂ ਪਰਿਵਾਰ ਦੀ ਨਾਂਹ

ਲੁਧਿਆਣਾ, 7 ਅਪ੍ਰੈਲ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਕੱਲ੍ਹ ਇਨਸਾਨੀਅਤ ਓਦੋਂ ਸ਼ਮਰਸਾਰ ਹੋ ਗਈ ਜਦੋਂ ਕੋਰੋਨਾ ਦੇ ਨਾਲ ਪੀੜਤ ਬਿਰਧ ਔਰਤ ਦੀ ਮੌਤ ਪਿੱਛੋਂ ਉਸਦੇ ਪਰਵਾਰ ਨੇ ਸਸਕਾਰ ਤੋਂ ਮਨ੍ਹਾ ਕਰ ਦਿੱਤਾ।



ਫੋਰਟਿਸ ਹਸਪਤਾਲ ਵਿੱਚ ਇਲਾਜ ਕਰਵਾ ਰਹੀ 69 ਸਾਲਾ ਸੁਰਿੰਦਰ ਕੌਰ ਦੀ ਪਰਸੋਂ ਮੌਤ ਹੋ ਗਈ ਸੀ ਜਿਸ ਤੋਂ ਬਾਅਦ ਪ੍ਰਸ਼ਾਸਨ ਨੇ ਸਸਕਾਰ ਦੀਆਂ ਤਿਆਰੀਆਂ ਕਰ ਲਈਆਂ ਪਰ ਵੱਡਾ ਪਰਵਾਰ ਹੋਣ ਦੇ ਬਾਵਜੂਦ ਉਸ ਦੇ ਪਰਵਾਰ ਨੇ ਲਾਸ਼ ਲੈਣ ਤੋਂ ਮਨ੍ਹਾਂ ਕਰ ਦਿੱਤਾ। ਸੁਨੇਹਾ ਦੇਣ ਦੇ ਬਾਵਜੂਦ ਸੁਰਿੰਦਰ ਕੌਰ ਦਾ ਕੋਈ ਪਰਵਾਰਕ ਮੈਂਬਰ ਉਸ ਦੀ ਲਾਸ਼ ਲੈਣ ਹਸਪਤਾਲ ਨਹੀਂ ਗਿਆ। ਫਿਰ ਡਿਊਟੀ ਮੈਜਿਸਟਰੇਟ-ਕਮ-ਤਹਿਸੀਲਦਾਰ ਜਗਸੀਰ ਸਿੰਘ ਨੇ ਖੁਦ ਲਾਸ਼ ਲਿਆਂਦੀ। ਉਹ ਸਿਹਤ ਤੇ ਪੁਲਸ ਵਿਭਾਗ ਦੇ ਮੁਲਾਜ਼ਮਾਂ ਨੂੰ ਨਾਲ ਲੈ ਕੇ ਦਾਣਾ ਮੰਡੀ ਸ਼ਮਸ਼ਾਨਘਾਟ ਪੁੱਜੇ ਤਾਂ ਉਥੇ ਵੀ ਪਰਵਾਰ ਵਾਲੇ ਕਾਫੀ ਦੂਰ ਆਪਣੀਆਂ ਗੱਡੀਆਂ 'ਚ ਬੈਠ ਕੇ ਸਸਕਾਰ ਦੀ ਰਸਮ ਦੇਖਦੇ ਰਹੇ ਅਤੇ ਕੋਈ ਕੋਲ ਨਹੀਂ ਆਇਆ।

ਐਡੀਸ਼ਨਲ ਡਿਪਟੀ ਕਮਿਸ਼ਨਰ ਇਕਬਾਲ ਸਿੰਘ ਸੰਧੂ ਨੇ ਦੱਸਿਆ ਕਿ ਜਦੋਂ ਕੱਲ੍ਹ ਪ੍ਰਸ਼ਾਸਨਿਕ ਅਧਿਕਾਰੀ ਲਾਸ਼ ਲੈ ਕੇ ਸ਼ਮਸ਼ਾਨਘਾਟ ਪੁੱਜੇ ਅਤੇ ਪਰਵਾਰਕ ਨੂੰ ਕਿਹਾ ਕਿ ਉਹ ਕੋਈ ਰਸਮ ਕਰਨੀ ਹੈ ਤਾਂ ਕਰ ਸਕਦੇ ਹਨ ਪਰ ਪਰਵਾਰ ਦਾ ਕੋਈ ਮੈਂਬਰ ਅੱਗੇ ਨਹੀਂ ਆਇਆ। ਅਧਿਕਾਰੀਆਂ ਨੇ ਹੀ ਲਾਸ਼ ਨੂੰ ਚਿਤਾ ਤੱਕ ਪੁੱਜਦਾ ਕੀਤਾ। ਫਿਰ ਪਰਵਾਰ ਨੂੰ ਕਿਹਾ ਕਿ ਮੁੱਖ ਅਗਨੀ ਦੇਣ ਲਈ ਕੋਈ ਵਿਅਕਤੀ ਆ ਸਕਦਾ ਹੈ, ਪਰ ਕੋਈ ਵੀ ਅੱਗੇ ਆਉਣ ਨੂੰ ਤਿਆਰ ਨਹੀਂ ਹੋਇਆ। ਉਨ੍ਹਾਂ ਨੂੰ ਦੱਸਿਆ ਵੀ ਗਿਆ ਕਿ ਜੋ ਪਰਵਾਰ ਦਾ ਮੁੱਖ ਮੈਂਬਰ ਅਗਨੀ ਦੇਵੇਗਾ, ਉਸ ਨੂੰ ਪੂਰੀ ਕਿੱਟ ਪਵਾਈ ਜਾਏਗੀ, 10 ਤੋਂ 12 ਫੁੱਟ ਦੂਰੋਂ ਬਾਂਸ ਨੂੰ ਅੱਗ ਲਾ ਕੇ ਮੁੱਖ ਅਗਨੀ ਦਿੱਤੀ ਜਾਏਗੀ, ਇਸ ਦੇ ਬਾਵਜੂਦ ਕੋਈ ਅੱਗੇ ਨਹੀਂ ਆਇਆ। ਫਿਰ ਪ੍ਰਸ਼ਾਸਨ ਵੱਲੋਂ ਸ਼ਮਸ਼ਾਨਘਾਟ ਦੇ ਚੌਕੀਦਾਰ ਨੂੰ ਇਸ ਲਈ ਤਿਆਰ ਕੀਤਾ ਗਿਆ। ਉਸ ਨੂੰ ਸਿਹਤ ਵਿਭਾਗ ਦੇ ਮੁਲਾਜ਼ਮ ਦੀ ਕਿੱਟ ਪਾ ਕੇ ਮੁੱਖ ਅਗਨੀ ਦੇਣ ਲਈ ਅੱਗੇ ਕੀਤਾ ਗਿਆ।

## ਮੋਟਰਸਾਈਕਲ ਤੋਂ ਡਿੱਗ ਕੇ ਇੱਕ ਦੀ ਮੌਤ, ਇੱਕ ਜ਼ਖ਼ਮੀ

ਬਿਲਗਾ, 7 ਅਪ੍ਰੈਲ (ਪੋਸਟ ਬਿਊਰੋ)- ਇਥੋਂ ਨੇੜਲੇ ਪਿੰਡ ਨਾਗਰਾ ਦੀ ਨਹਿਰ ਪੁਲੀ 'ਤੇ ਤਿੰਨ ਨੌਜਵਾਨ ਮੋਟਰ ਸਾਈਕਲ ਸਵਾਰ ਡਿੱਗਣ ਕਾਰਨ ਇੱਕ ਦੀ ਮੌਤ ਹੋ ਗਈ ਤੇ ਇੱਕ ਦੇ ਗੰਭੀਰ ਜ਼ਖ਼ਮੀ ਹੋਣ ਦੀ ਖਬਰ ਹੈ। ਥਾਣਾ ਬਿਲਗਾ ਦੇ ਐਸ ਐਚ ਓ ਸੁਰਜੀਤ ਸਿੰਘ ਪੱਡਾ ਨੇ ਹੈੱਲਥ ਸੈਂਟਰ ਬਿਲਗਾ ਵਿਖੇ ਇਲਾਜ ਅਧੀਨ ਨੌਜਵਾਨ ਬਬਲਦੀਪ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਨੂਰਮਹਿਲ ਦੇ ਬਿਆਨ ਲੈਣ ਲਏ ਤਾਂ ਉਸ ਨੇ ਪੁਲਸ ਨੂੰ ਦੱਸਿਆ ਕਿ ਵਿਕਾਸ ਨਈਅਰ (31 ਸਾਲ) ਵਾਸੀ ਨੂਰਮਹਿਲ ਮੋਟਰ ਸਾਈਕਲ ਚਲਾ ਰਿਹਾ ਸੀ, ਵਿਵੇਕ ਕੁਮਾਰ ਪੁੱਤਰ ਅਮਰਨਾਥ ਵਾਸੀ ਨੂਰਮਹਿਲ ਵਿਚਕਾਰ ਅਤੇ ਮੈਂ ਪਿੱਛੇ ਬੈਠੇ ਸੀ ਅਸੀਂ ਦਾਰਾਪੁਰ ਸਾਈਡ ਤੋਂ ਨਹਿਰ ਕੰਢੇ ਆ ਰਹੇ ਸੀ। ਜਦੋਂ ਨਾਗਰਾ ਪੁਲੀ ਨੇੜੇ ਪੁੱਜੇ ਤਾਂ ਸੜਕ ਉੱਤੇ ਪੁਲਸ ਦੀ ਚਿੱਟੀ ਬਲੈਰੋ ਜੀਪ ਸਮਝ ਕੇ ਡਰ ਗਏ ਤੇ ਪੁਲੀ ਉਪਰ ਡਿੱਗ ਪਏ।

# ਸੰਕਟ ਦੀ ਘੜੀ ਵਿੱਚ ਲੋਕਾਂ ਨੂੰ ਰਾਹਤ ਦੇਣ ਦੀ ਥਾਂ ਨਿੱਜੀ ਡਾਕਟਰਾਂ ਨੇ ਫੀਸ ਵਧਾ ਦਿੱਤੀ

ਜਲੰਧਰ, 7 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਦੌਰਾਨ ਆਮ ਲੋਕਾਂ ਨੂੰ ਨਿੱਜੀ ਹਸਪਤਾਲਾਂ ਵਿੱਚ ਇਲਾਜ ਕਰਾਉਣ ਲਈ ਜੇਬ ਕਾਫੀ ਢਿੱਲੀ ਕਰਨੀ ਪੈ ਰਹੀ ਹੈ। ਬਹੁਤੇ ਹਸਪਤਾਲਾਂ ਨੇ ਅਪਣੇ ਰੇਟ ਵਧਾ ਦਿੱਤੇ ਹਨ। ਕਿਤੇ ਸੁਣਵਾਈ ਨਾ ਹੋਣ ਕਾਰਨ ਲੋਕਾਂ ਨੂੰ ਮਜਬੂਰਨ ਉਥੇ ਇਲਾਜ ਕਰਵਾਉਣਾ ਪੈ ਰਿਹਾ ਹੈ।



ਅਸਲ ਵਿੱਚ ਪ੍ਰਾਈਵੇਟ ਹਸਪਤਾਲਾਂ ਦੇ ਡਾਕਟਰਾਂ ਨੇ ਕੋਰੋਨਾ ਦੀ ਮਾਰ ਦੌਰਾਨ ਮੰਦੀ ਦੀ ਮਾਰ ਝੱਲਦੇ ਲੋਕਾਂ ਉੱਤੇ ਆਰਥਿਕ ਬੋਝ ਵੀ ਵਧਾ ਦਿੱਤਾ ਹੈ। ਕਪੂਰਥਲਾ ਚੌਕ ਦੇ ਇੱਕ ਸਕੈਨਿੰਗ ਸੈਂਟਰ ਵਿੱਚ ਗਰਭਵਤੀ ਮਹਿਲਾ ਦੀ ਸਕੈਨਿੰਗ ਕਰਵਾਉਣ 'ਤੇ ਇੱਕ ਹਜ਼ਾਰ ਦੇ ਰੇਟ ਦੀ ਬਜਾਏ 1500 ਰੁਪਏ ਲਏ ਗਏ ਹਨ। ਮਰੀਜ਼ ਨੇ ਵਿਰੋਧ ਕੀਤਾ ਤਾਂ ਕਰਫਿਊ ਵਿੱਚ ਡਾਕਟਰ ਦੇ ਆਉਣ ਉੱਤੇ ਐਮਰਜੈਂਸੀ ਫੀਸ ਚਾਰਜ ਕਰਨ ਦੀ ਗੱਲ ਕਹੀ। ਇਸ ਪਿੱਛੋਂ ਮਾਮਲਾ ਪੁਲਸ ਕੋਲ ਗਿਆ ਤਾਂ ਮੁਆਫੀ ਨਾਲ ਗੱਲ ਨਿੱਬੜੀ ਹੈ। ਇਸੇ ਤਰ੍ਹਾਂ ਨਕੋਦਰ ਚੌਕ ਉੱਤੇ ਸਕਿਨ ਦੀਆਂ ਬਿਮਾਰੀਆਂ ਦਾ ਇਲਾਜ ਕਰਵਾਉਣ ਆਏ ਇੱਕ ਮਰੀਜ਼ ਤੋਂ ਵੀ ਤਿੰਨ ਸੌ ਦੀ ਥਾਂ ਪੰਜ ਸੌ ਰੁਪਏ ਵਸੂਲੇ ਗਏ। ਗੁਰੂ ਨਾਨਕ ਮਿਸ਼ਨ ਚੌਕ ਵਿੱਚ ਵੀ ਦਿਲ ਦੀਆਂ ਬਿਮਾਰੀਆਂ ਦਾ ਇਲਾਜ ਕਰਨ ਵਾਲੇ ਹਸਪਤਾਲ ਵਿੱਚ ਮਰੀਜ਼ਾਂ ਤੋਂ ਤਿੰਨ ਸੌ ਦੀ ਥਾਂ ਛੇ ਸੌ ਰੁਪਏ ਫੀਸ ਲਏ ਗਏ ਹਨ।

ਐਨੀਮਲ ਪ੍ਰੋਟੈਕਸ਼ਨ ਸੁਸਾਇਟੀ ਦੀ ਅਧਿਕਾਰੀ ਜਸਪ੍ਰੀਤ ਕੌਰ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪਿਛਲੀ ਵਾਰ ਤਿੰਨ ਸੌ ਰੁਪਏ ਦੇ ਕੇ ਆਪਣੀ ਮਾਤਾ ਦੀ ਜਾਂਚ ਕਰਵਾਈ ਸੀ, ਇਸ ਵਾਰ ਹਸਪਤਾਲ ਪ੍ਰਸ਼ਾਸਨ ਨੇ ਛੇ ਰੁਪਏ ਵਸੂਲੇ ਹਨ। ਇਸ ਬਾਰੇ ਪੁਲਸ ਨੂੰ ਸ਼ਿਕਾਇਤ ਕੀਤੀ ਤਾਂ ਉਨ੍ਹਾਂ ਦੇ ਪਹੁੰਚਣ 'ਤੇ ਹਸਪਤਾਲ ਦੇ ਸਟਾਫ ਨੇ ਪੱਲਾ ਝਾੜ ਦਿੱਤਾ।

ਇੰਡੀਅਨ ਮੈਡੀਕਲ ਐਸੋਸੀਏਸ਼ਨ ਜਲੰਧਰ ਦੇ ਪ੍ਰਧਾਨ ਡਾਕਟਰ ਪੰਕਜ ਪਾਲ ਦਾ ਕਹਿਣਾ ਹੈ ਕਿ ਕਪੂਰਥਲਾ ਚੌਕ ਵਾਲੇ ਕੇਸ ਵਿੱਚ ਹਸਪਤਾਲ ਨੇ ਗਲਤੀ ਮੰਨ ਲਈ ਅਤੇ ਮੁਆਫੀ ਨਾਲ ਸਮੱਸਿਆ ਹੱਲ ਹੋ ਗਈ ਸੀ। ਇਸ ਪਿੱਛੋਂ ਉਨ੍ਹਾਂ ਨੇ ਰੇਟ ਵਧਾ ਕੇ ਡਿਸਪਲੇਅ ਕਰ ਦਿੱਤਾ ਹੈ। ਸ਼ਹਿਰ ਦੇ ਕਈ ਹਸਪਤਾਲਾਂ ਨੇ ਇੱਕ ਅਪ੍ਰੈਲ ਤੋਂ ਫੀਸ ਵਧਾ ਦਿੱਤੀ ਹੈ।

# ਪ੍ਰਾਈਵੇਟ ਹਸਪਤਾਲਾਂ ਨੇ ਔਰਤ ਦਾ ਇਲਾਜ ਨਹੀਂ ਕੀਤਾ, ਮੋਹਾਲੀ ਜਾਂਦਿਆਂ ਮੌਤ ਹੋ ਗਈ

ਮਾਛੀਵਾੜਾ ਸਾਹਿਬ, 7 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਆਮ ਲੋਕਾਂ ਦਾ ਇਲਾਜ ਕਰਨ ਵਿੱਚ ਨਾਂਹ ਕਰਨ ਦਾ ਖਮਿਆਜ਼ਾ 59 ਸਾਲ ਦੀ ਬਜ਼ੁਰਗ ਮਹਿਲਾ ਨੂੰ ਭੁਗਤਣਾ ਪਿਆ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਮਹਿਲਾ ਦਾ ਪਤੀ ਆਪਣੀ ਬਿਮਾਰ ਪਤਨੀ ਨੂੰ ਲੈ ਕੇ ਪੂਰੀ ਰਾਤ ਲੁਧਿਆਣਾ ਦੇ ਨਿੱਜੀ ਹਸਪਤਾਲਾਂ ਵਿੱਚ ਠੋਕਰਾਂ ਖਾਂਦਾ ਰਿਹਾ, ਪਰ ਕਿਸੇ ਨੇ ਵੀ ਇਲਾਜ ਨਹੀਂ ਕੀਤਾ। ਇਸ ਪਿੱਛੋਂ ਮੋਹਾਲੀ ਲਿਜਾਂਦੇ ਸਮੇਂ ਭੁਪਿੰਦਰ ਕੌਰ (59) ਦੀ ਮੌਤ ਹੋ ਗਈ। ਮਾਛੀਵਾੜਾ ਦੇ ਪਿੰਡ ਲੁਬਾਣਗੜ੍ਹ ਦੇ ਦਰਸ਼ਨ ਸਿੰਘ ਨੇ ਦੱਸਿਆ ਕਿ ਉਸ ਦੀ ਪਤਨੀ ਪਿਛਲੇ ਕਾਫੀ ਸਮੇਂ ਤੋਂ ਬਲੱਡ ਪ੍ਰੈਸ਼ਰ ਤੇ ਸਾਹ ਦੀ ਬਿਮਾਰੀ ਤੋਂ ਪੀੜਤ ਸੀ ਤੇ ਐਤਵਾਰ ਉਸ ਦੀ ਹਾਲਤ ਵਿਗੜ ਗਈ। ਉਸ ਨੂੰ ਮਾਛੀਵਾੜਾ ਸਾਹਿਬ ਦੇ ਪ੍ਰਾਈਵੇਟ ਹਸਪਤਾਲ ਲੈ ਗਏ ਤਾਂ ਡਾਕਟਰ ਨੇ ਬਲੱਡ ਕੈਂਸਰ ਦੱਸ ਕੇ ਲੁਧਿਆਣਾ ਲੈ ਜਾਣ ਨੂੰ ਕਿਹਾ। ਦਰਸ਼ਨ ਸਿੰਘ ਨੇ ਦੱਸਿਆ ਕਿ ਉਹ ਪਤਨੀ ਨੂੰ ਲੁਧਿਆਣਾ ਹਸਪਤਾਲ ਲੈ ਕੇ ਗਏ, ਪਰ ਐਮਰਜੈਂਸੀ ਵਾਰਡ ਵਿੱਚ ਦੋ ਘੰਟੇ ਇਲਾਜ ਪਿੱਛੋਂ ਡਾਕਟਰਾਂ ਨੇ ਕਹਿ ਦਿੱਤਾ ਕਿ ਇਥੇ ਇਲਾਜ ਸੰਭਵ ਨਹੀਂ। ਅੱਧੀ ਰਾਤ ਉਹ ਆਪਣੀ ਪਤਨੀ ਨੂੰ ਲੈ ਕੇ ਵੱਡੇ ਪ੍ਰਾਈਵੇਟ ਹਸਪਤਾਲ ਚਲਾ ਗਿਆ, ਪ੍ਰੰਤੂ ਉਥੇ ਵੀ ਇੱਕ ਘੰਟੇ ਪਿੱਛੋ ਇਲਾਜ ਤੋਂ ਮਨ੍ਹਾ ਕਰ ਦਿੱਤਾ।



ਭੁਪਿੰਦਰ ਕੌਰ ਦੇ ਅੰਤਿਮ ਸਸਕਾਰ ਸਮੇਂ ਉਸ ਦੀਆਂ ਬੇਟੀਆਂ ਤੇ ਬੇਟਾ ਵੀ ਨਾ ਆ ਸਕਿਆ। ਬੇਟਾ-ਬੇਟੀ ਵਿਦੇਸ਼ ਰਹਿੰਦੇ ਹਨ, ਜੋ ਕੋਰੋਨਾ ਵਾਇਰਸ ਦੇ ਕਾਰਨ ਫਲਾਈਟ ਬੰਦ ਹੋਣ ਕਾਰਨ ਨਹੀਂ ਆ ਸਕੇ। ਇੱਕ ਬੇਟੀ ਦਿੱਲੀ ਵਿਆਹੀ ਹੋਈ ਹੈ, ਉਹ ਵੀ ਕਰਫਿਊ ਦੇ ਕਾਰਨ ਅੰਤਿਮ ਸਸਕਾਰ ਵਿੱਚ ਨਹੀਂ ਪਹੁੰਚ ਸਕੀ।

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

647-764-3637



## ਖੁਸ਼ੀ ਵਿੱਚ ਫਾਇਰਿੰਗ ਮਹਿੰਗੀ ਪਈ

## ਭਾਜਪਾ ਦੀ ਜ਼ਿਲਾ ਪ੍ਰਧਾਨ ਖਿਲਾਫ ਕੇਸ ਦਰਜ, ਪਾਰਟੀ ਤੋਂ ਸਸਪੈਂਡ



ਲਖਨਊ, 7 ਅਪ੍ਰੈਲ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਦੇ ਸੱਦੇ ਉਤੇ ਐਤਵਾਰ ਨੌਂ ਵਜੇ ਦੀਵੇ, ਮੋਮਬੱਤੀ ਅਤੇ ਮੋਬਾਈਲ ਦੀ ਟਾਰਚ ਜਗਾਉਣ ਦੇ ਨਾਲ ਵੱਡੀ ਗਿਣਤੀ ਵਿੱਚ ਲੋਕਾਂ ਨੇ ਆਤਿਸ਼ਬਾਜ਼ੀ ਵੀ ਕੀਤੀ ਸੀ। ਇਸ ਮੌਕੇ ਉੱਤਰ ਪ੍ਰਦੇਸ਼ ਦੇ ਬਲਰਾਮਪੁਰ 'ਚ ਭਾਜਪਾ ਦੀ ਮਹਿਲਾ ਜ਼ਿਲਾ ਪ੍ਰਧਾਨ ਮੰਜੂ ਤਿਵਾੜੀ ਨੇ ਉਤਸ਼ਾਹ ਵਿੱਚ ਆਪਣੇ ਪਤੀ ਓਮ ਪ੍ਰਕਾਸ਼ ਤਿਵਾੜੀ ਦੇ ਰਿਵਾਲਵਰ ਨਾਲ ਹਵਾਈ ਫਾਇਰਿੰਗ ਕਰ ਦਿੱਤੀ ਤੇ ਇਸ ਦਾ ਵੀਡੀਓ ਬਣਾ ਕੇ ਲਿਖ ਦਿੱਤਾ ਕਿ ਅੱਜ ਦੀਵੇ ਜਗਾਉਣ ਪਿੱਛੋਂ ਕੋਰੋਨਾ ਵਾਇਰਸ ਨੂੰ ਭਜਾਉਂਦੇ ਹੋਏ। ਇਹ ਟਿਪਣੀ ਫੇਸਬੁਕ ਅਕਾਊਂਟ 'ਤੇ ਵੀ ਪਾ ਦਿੱਤੀ। ਇਸ ਫਾਇਰਿੰਗ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਹੈ, ਜੋ ਬਾਅਦ ਵਿੱਚ ਉਨ੍ਹਾਂ ਨੂੰ ਮਹਿੰਗਾ ਪੈ ਗਿਆ।

ਕੁਝ ਲੋਕਾਂ ਨੇ ਇਸ ਬਾਰੇ ਮੰਜੂ ਤਿਵਾੜੀ ਦੀ ਸ਼ਿਕਾਇਤ ਪੁਲਸ ਨੂੰ ਕਰ ਦਿੱਤੀ ਅਤੇ ਜਿਸ ਦਾ ਨੋਟਿਸ ਲੈਂਦੇ ਹੋਏ ਪੁਲਸ ਨੇ ਭਾਜਪਾ ਦੀ ਲੀਡਰ ਮੰਜੂ ਤਿਵਾੜੀ ਵਿਰੁੱਧ ਸਿਟੀ ਕੋਤਵਾਲੀ 'ਚ ਆਰਮਜ਼ ਐਕਟ ਦਾ ਕੇਸਾ ਦਰਜ ਕਰ ਲਿਆ ਹੈ। ਬਾਅਦ ਵਿੱਚ ਇਸ ਬਾਰੇ ਭਾਜਪਾ ਨੇਤਰੀ ਮੰਜੂ ਨੇ ਆਪਣੀ ਗਲਤੀ ਸਵੀਕਾਰ ਕਰਦੇ ਹੋਏ ਮੁਆਫੀ ਮੰਗ ਲਈ। ਸੂਤਰਾਂ ਅਨੁਸਾਰ ਉਨ੍ਹਾਂ ਨੂੰ ਪਾਰਟੀ ਤੋਂ ਵੀ ਸਸਪੈਂਡ ਕਰ ਦਿੱਤਾ ਗਿਆ ਹੈ।

# ਕੋਰੋਨਾ ਦਾ ਕਹਿਰ, 40 ਸਾਲ ਤੋਂ ਘੱਟ ਉਮਰ ਦੇ 47 ਫੀਸਦੀ ਲੋਕ ਪ੍ਰਭਾਵਤ

### * ਮ੍ਰਿਤਕਾਂ ਵਿਚ 60 ਤੋਂ ਵੱਧ ਉਮਰ ਦੇ 63 ਫੀਸਦੀ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਸਿਹਤ ਮੰਤਰਾਲੇ ਦੇ ਜਾਇੰਟ ਸੈਕਟਰੀ ਲਵ ਅਗ੍ਰਵਾਲ ਨੇ ਕੱਲ੍ਹ ਦੱਸਿਆ ਕਿ ਕੋਰੋਨਾ ਵਾਇਰਸ ਨਾਲ ਪ੍ਰਭਾਵਤ ਹੋਣ ਵਾਲਿਆਂ ਵਿੱਚ 76 ਫੀਸਦੀ ਮਰਦ ਅਤੇ 24 ਫੀਸਦੀ ਔਰਤਾਂ ਹਨ। ਮ੍ਰਿਤਕਾਂ ਵਿੱਚ 73 ਫੀਸਦੀ ਪੁਰਸ਼ ਅਤੇ 27 ਫੀਸਦੀ ਔਰਤਾਂ ਹਨ।

ਲਵ ਅਗ੍ਰਵਾਲ ਨੇ ਕੋਰੋਨਾ ਵਾਇਰਸ ਦੀ ਚਪੇਟ ਵਿੱਚ ਆਏ ਮਰੀਜ਼ਾਂ ਦੇ ਉਮਰ ਆਧਾਰਿਤ ਵਿਸ਼ਲੇਸ਼ਣ ਦੇ ਬਾਰੇ ਦੱਸਿਆ ਕਿ ਹਾਲੇ ਤੱਕ ਜਿਨ੍ਹਾਂ ਮਰੀਜ਼ਾਂ ਵਿੱਚ ਇਸ ਦੀ ਪੁਸ਼ਟੀ ਹੋਈ ਹੈ, ਉਨ੍ਹਾਂ



ਵਿੱਚ 40 ਸਾਲ ਤੋਂ ਘੱਟ ਉਮਰ ਦੇ 47 ਫੀਸਦੀ ਲੋਕ ਹਨ ਅਤੇ 40 ਤੋਂ 60 ਸਾਲ ਦੀ ਉਮਰ ਵਾਲੇ 34 ਫੀਸਦੀ ਹਨ, ਜਦ ਕਿ 60 ਸਾਲ ਤੋਂ ਵੱਧ ਉਮਰ ਦੇ 19 ਫੀਸਦੀ ਮਰੀਜ਼ ਹਨ। ਮ੍ਰਿਤਕਾਂ ਵਿੱਚ 60 ਸਾਲ ਤੋਂ ਵੱਧ ਉਮਰ ਦੇ 63 ਫੀਸਦੀ ਲੋਕ ਹਨ, 40 ਤੋਂ 60 ਸਾਲ ਦੀ ਉਮਰ ਵਾਲੇ ਮ੍ਰਿਤਕਾਂ ਵਿੱਚ 30 ਫੀਸਦੀ ਅਤੇ 40 ਸਾਲ ਤੋਂ ਘਟ ਉਮਰ ਵਾਲੇ ਸੱਤ ਫੀਸਦੀ ਲੋਕ ਹਨ। ਨਾਲ ਮ੍ਰਿਤਕਾਂ ਵਿੱਚ 86 ਫੀਸਦੀ ਲੋਕ ਅਜਿਹੇ ਹਨ, ਜੋ ਪਹਿਲਾ ਤੋਂ ਹੀ ਸ਼ੂਗਰ ਜਾਂ ਦਿਲ ਦੇ ਰੋਗ ਆਦਿ ਬੀਮਾਰੀਆਂ ਨਾਲ ਪੀੜਤ ਸਨ। ਅਗ੍ਰਵਾਲ ਨੇ ਇਸ ਦੇ ਆਧਾਰ 'ਤੇ ਕਿਹਾ ਕਿ ਸਭ ਤੋਂ ਵੱਧ ਇਨਫੈਕਸ਼ਨ 40 ਸਾਲ ਤੱਕ ਦੇ ਲੋਕਾਂ ਵਿੱਚ ਹੋਈ ਹੈ।

## ਦਿੱਲੀ ਦੇ ਨਿਜ਼ਾਮੂਦੀਨ ਦੇ 2 ਹਜ਼ਾਰ ਘਰਾਂ ਦੀ ਜਾਂਚ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਸਰਕਾਰ ਤੇ ਨਗਰ ਨਿਗਮ (ਐਮਸੀਡੀ) ਦੇ ਨਾਲ ਦਿੱਲੀ ਪੁਲੀਸ ਨੇ ਨਿਜ਼ਾਮੂਦੀਨ ਖੇਤਰ 'ਚ ਅਤੇ ਇਸ ਦੇ ਆਸ ਪਾਸ ਦੇ ਲਗਭਗ ਦੋ ਹਜ਼ਾਰ ਘਰਾਂ ਦੀ ਘਰ-ਘਰ ਜਾ ਕੇ ਤਸਦੀਕ ਕੀਤੀ, ਜੋ ਦੇਸ਼ 'ਚ ਫੈਲੇ ਕਰੋਨਾਵਾਇਰਸ ਦਾ ਕੇਂਦਰ ਬਣ ਗਿਆ ਹੈ। ਸੂਤਰਾਂ ਅਨੁਸਾਰ ਘਰ-ਘਰ ਜਾ ਕੇ ਇਸ ਪੁਸ਼ਟੀ ਦਾ ਉਦੇਸ਼ ਖੇਤਰ 'ਚ ਲੋਕਾਂ ਦੀ ਪਛਾਣ ਕਰਨਾ ਤੇ ਇਹ ਵੀ ਪਤਾ ਲਗਾਉਣਾ ਹੈ ਕਿ ਕੀ ਉਨ੍ਹਾਂ 'ਚ ਕੋਈ ਕਰੋਨਾਵਾਇਰਸ ਸਬੰਧੀ ਲੱਛਣ ਹਨ ਜਾਂ ਨਹੀਂ। ਸੂਤਰਾਂ ਨੇ ਦੱਸਿਆ ਕਿ ਪੁਲੀਸ ਤੇ ਕ੍ਰਾਈਮ ਬ੍ਰਾਂਚ ਮੋਬਾਈਲ ਫੋਨਾਂ ਦੇ ਹਜ਼ਾਰਾਂ 'ਡੰਪ' ਤੇ ਡੇਟਾ ਦੀ ਪੜਤਾਲ ਕਰ ਰਹੀ ਹੈ ਜੋ ਨਿਜ਼ਾਮੂਦੀਨ ਮਾਰਕਜ਼ ਦੇ ਆਸ-ਪਾਸ ਸਰਗਰਮ ਸਨ। ਪਿਛਲੇ ਮਹੀਨੇ ਨਿਜ਼ਾਮੂਦੀਨ ਖੇਤਰ 'ਚ ਮਰਕਜ਼ ਤਬਲੀਗੀ ਜਮਾਤ ਵਿਚ ਇਕੱਤਰ ਹੋਏ ਸਨ। ਇਸ ਤੋਂ ਪਹਿਲਾਂ ਤਬਲੀਗੀ ਜਮਾਤ ਦੇ ਮੁਖੀ ਮੌਲਾਨਾ ਸਾਦ ਤੇ ਹੋਰਾਂ ਵਿਰੁੱਧ ਮਹਾਂਮਾਰੀ ਰੋਗ ਐਕਟ ਤਹਿਤ ਐਫਆਈਆਰ ਦਰਜ ਕੀਤੀ ਗਈ ਸੀ। ਖੇਤਰ ਵੀ ਸਵੱਛ ਬਣਾਇਆ ਗਿਆ ਹੈ ਤੇ ਖਾਲੀ ਕਰ ਦਿੱਤਾ ਗਿਆ ਹੈ। ਅਜਿਹਾ ਉਦੋਂ ਹੋਇਆ ਹੈ ਕਿਉਂਕਿ ਦੇਸ਼ 'ਚ ਕਰੋਨਾਵਾਇਰਸ ਦੇ ਫੈਲਣ ਨੂੰ ਰੋਕਣ ਲਈ ਤਾਲਾਬੰਦੀ ਚੱਲ ਰਹੀ ਹੈ।

ਦਿੱਲੀ ਫਾਇਰ ਸਰਵਿਸ ਤੇ ਦੱਖਣੀ ਦਿੱਲੀ ਨਗਰ ਨਿਗਮ ਵੱਲੋਂ ਕੌਮੀ ਰਾਜਧਾਨੀ ਦੇ ਨਿਜ਼ਾਮੂਦੀਨ ਖੇਤਰ ਵਿੱਚ ਮਰਕਜ਼ ਦੇ ਇਲਾਕੇ ਵਿੱਚ ਰੋਗਾਣੂ ਰੋਕੂ ਮੁਹਿੰਮ ਚਲਾਈ ਗਈ ਜਿੱਥੇ ਤਬਲੀਗੀ ਜਮਾਤ ਦੀ ਇਕ ਜਮਾਤ ਹੋਈ ਸੀ ਜਿਸ ਵਿੱਚ ਕੋਵਿਡ-19 ਲਈ ਇਕ ਅਜਿਹਾ ਸਥਾਨ ਬਣ ਗਿਆ ਜਿੱਥੇ ਕਰੋਨਾਵਾਇਰਸ ਦੇਸ਼ ਦੇ ਹੋਰ ਹਿੱਸਿਆਂ ਵਿੱਚ ਫੈਲਿਆ। ਦੇਸ਼ ਵਿੱਚ ਜੋ ਕਰੋਨਾਵਾਇਰਸ ਮਾਮਲੇ ਆਏ ਹਨ, ਉਨ੍ਹਾਂ ਵਿੱਚੋਂ 30 ਫ਼ੀਸਦੀ ਮਰਕਜ਼ ਜਮਾਤ ਨਾਲ ਜੁੜੇ ਹੋਏ ਹਨ। ਦਿੱਲੀ ਨਗਰ ਨਿਗਮ ਵੱਲੋਂ ਬੀਤੇ ਦਿਨਾਂ ਤੋਂ ਇਸ ਖੇਤਰ ਦੀ ਸਫ਼ਾਈ ਵਿਵਸਥਾ ਵੱਲ ਧਿਆਨ ਦਿੱਤਾ ਹੋਇਆ ਹੈ।

## ਕਨਿਕਾ ਕਪੂਰ ਨੇ ਕੋਰੋਨਾ ਨਾਲ ਜੰਗ ਜਿੱਤੀ



ਲਖਨਾਊ, 7 ਅਪ੍ਰੈਲ (ਪੋਸਟ ਬਿਊਰੋ)- ਬਾਲੀਵੁੱਡ ਸਿੰਗਰ ਕਨਿਕਾ ਕਪੂਰ ਕੋਰੋਨਾ ਇੱਕ ਤਰ੍ਹਾਂ ਵਾਇਰਸ ਇਨਫੈਕਸ਼ਨ ਤੋਂ ਮੁਕਤ ਹੋ ਗਈ ਹੈ। ਉਨ੍ਹਾਂ ਦੀ ਛੇਵੀ ਰਿਪੋਰਟ ਨੈਗੇਟਿਵ ਆਈ ਹੈ। ਇਸ ਲਈ ਲਖਨਾਊ ਦੀ ਸੰਜੇ ਗਾਂਧੀ ਪੋਸਟ ਗਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਐਸ ਜੀ ਪੀ ਜੀ ਆਈ) ਤੋਂ ਉਨ੍ਹਾਂ ਨੂੰ ਛੁੱਟੀ ਮਿਲ ਗਈ ਹੈ।

ਵਰਨਣ ਯੋਗ ਹੈ ਕਿ ਕਨਿਕਾ ਕਪੂਰ ਲੰਡਨ ਤੋਂ 11 ਮਾਰਚ ਨੂੰ ਲਖਨਾਊ ਆਈ ਤਾਂ ਇਥੇ ਆ ਕੇ ਕੁਆਰੰਟਾਈਨ ਦੇ ਨਿਯਮਾਂ ਦੀ ਪਾਲਣਾ ਨਹੀਂ ਸੀ ਕੀਤੀ ਅਤੇ ਰਾਜਧਾਨੀ 'ਚ ਹਾਈ ਪ੍ਰੋਫਾਈਲ ਪਾਰਟੀਆਂ ਕੀਤੀਆਂ ਸਨ। ਇਸ ਦੌਰਾਨ ਉਨ੍ਹਾਂ ਨੂੰ ਸਰਦੀ-ਜ਼ੁਕਾਮ ਹੋ ਗਿਆ ਤਾਂ ਚਾਰ ਦਿਨ ਤੱਕ ਇਸ ਨੂੰ ਲੁਕਾਉਂਦੀ ਰਹੀ। 18 ਮਾਰਚ ਨੂੰ ਚੀਫ ਮੈਡੀਕਲ ਅਫਸਰ (ਸੀ ਐਮ ਓ) ਨੂੰ ਫੋਨ 'ਤੇ ਸੂਚਨਾ ਦਿੱਤੀ ਤਾਂ ਹੈਲਥ ਟੀਮ ਉਨ੍ਹਾਂ ਦੇ ਸ਼ਾਲੀਮਾਰ ਗੈਲੇਂਟ ਵਾਲੇ ਘਰ ਪਹੁੰਚੀ। ਇਥੇ 19 ਮਾਰਚ ਨੂੰ ਘਰੋਂ ਉਨ੍ਹਾਂ ਦੇ ਸਵੈਬ ਨੂੰ ਕੁਲੈਕਟ ਕੀਤਾ ਗਿਆ। 20 ਮਾਰਚ ਨੂੰ ਕਿੰਗ ਜਾਰਜ ਮੈਡੀਕਲ ਯੂਨੀਵਰਸਿਟੀ (ਕੇ ਜੀ ਐਮ ਯੂ) ਦੀ ਜਾਂਚ 'ਚ ਕੋਰੋਨਾ ਵਾਇਰਸ ਦੀ ਪੁਸ਼ਟੀ ਹੋਈ ਤਾਂ ਕਨਿਕਾ ਨੂੰ ਐਸ ਜੀ ਪੀ ਜੀ ਆਈ ਵਿੱਚ ਭਰਤੀ ਕਰਾਇਆ ਗਿਆ।


ਇਸ ਦੀ ਖ਼ਬਰ ਫੈਲਦੇ ਸਾਰ ਇਸ ਸ਼ਹਿਰ ਤੋਂ ਲੈ ਕੇ ਦਿੱਲੀ ਤੱਕ ਸਨਸਨੀ ਫੈਲ ਗਈ। ਕਨਿਕਾ ਦੀਆਂ ਪਾਰਟੀਆਂ 'ਚ ਸ਼ਾਮਲ ਹੋਏ ਉੱਤਰ ਪ੍ਰਦੇਸ਼ ਦੇ ਸਿਹਤ ਮੰਤਰੀ ਸਮੇਤ ਕਈ ਵੀ ਵੀ ਆਈ ਪੀ ਹੋਮ ਕੁਆਰੰਟਾਈਨ ਚਲੇ ਗਏ। ਦੂਜੇ ਪਾਸੇ ਐਸ ਜੀ ਪੀ ਜੀ ਆਈ ਵਿੱਚ 18 ਦਿਨ ਤੱਕ ਕਨਿਕਾ ਦਾ ਇਲਾਜ ਹੋਇਆ। ਉਸ ਦੇ ਕੁੱਲ ਛੇ ਟੈਸਟ ਹੋਏ। ਇਸ ਦੇ ਬਾਅਦ ਉਸ ਨੂੰ ਇਨਫੈਕਸ਼ਨ ਤੋਂ ਮੁਕਤ ਹੋਣ 'ਤੇ ਰਾਹਤ ਮਿਲੀ, ਪਰ ਬਾਹਰੀ ਮੂਵਮੈਂਟ 'ਤੇ ਰੋਕ ਲਾਈ ਗਈ ਹੈ। ਇਸ ਦੇ ਨਾਲ ਉਸ ਦੇ ਖਿਲਾਫ ਕੁਆਰੰਟਾਈਨ ਦੀ ਉਲੰਘਣਾ ਦਾ ਵੱਖਰਾ ਕੇਸ ਚੱਲਦਾ ਰਹੇਗਾ।

## ਸੀਰੇ ਵਾਲੇ ਟੈਂਕ ਦੀ ਸਫਾਈ ਕਰਦੇ ਤਿੰਨ ਨੌਜਵਾਨਾਂ ਦੀ ਮੌਤ



ਕੋਟ ਈਸੇ ਖਾਂ, 7 ਅਪ੍ਰੈਲ (ਪੋਸਟ ਬਿਊਰੋ)- ਇਸ ਕਸਬੇ ਵਿੱਚ ਚੀਮਾ ਰੋਡ ਉੱਤੇ ਏਕਮ ਫੀਡ ਫੈਕਟਰੀ ਵਿੱਚ ਤਿੰਨ ਵਰਕਰਾਂ ਦੀ ਸੀਰੇ ਵਾਲੇ ਟੈਂਕ ਦੀ ਸਫਾਈ ਕਰਦਿਆਂ ਮੌਤ ਹੋਣ ਦਾ ਪਤਾ ਲੱਗਾ ਹੈ। ਮਿਲੀ ਜਾਣਕਾਰੀ ਅਨੁਸਾਰ ਸੁਰਜੀਤ ਸਿੰਘ ਉਰਫ ਭਲਵਾਨ ਪੁੱਤਰ ਪਾਲਾ ਸਿੰਘ ਵਾਸੀ ਨਸੀਰਪੁਰ ਜਾਣੀਆਂ ਓਥੇ ਸੀਰੇ ਵਾਲੇ ਟੈਂਕ ਦੀ ਸਫਾਈ ਕਰ ਰਿਹਾ ਸੀ ਕਿ ਅੰਦਰ ਡਿੱਗ ਪਿਆ। ਜਦੋਂ ਕੁਝ ਦੇਰ ਉਹ ਬਾਹਰ ਨਾ ਆਇਆ ਤਾਂ ਦੂਜਾ ਵਰਕਰ ਜਸਪ੍ਰੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਖੋਸਾ ਕੋਟਲਾ ਉਸ ਦੇ ਮਗਰ ਗਿਆ ਤਾਂ ਉਹ ਡਿੱਗ ਪਿਆ। ਉਸ ਤੋਂ ਬਾਅਦ ਸਤਨਾਮ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਖੋਸਾ ਕੋਟਲਾ ਉਨ੍ਹਾਂ ਦੋਵਾਂ ਪਿੱਛੇ ਗਿਆ ਤਾਂ ਉਹ ਵੀ ਸੀਰੇ ਵਾਲੇ ਟੈਂਕ ਵਿੱਚ ਡਿੱਗ ਗਿਆ। ਸੀਰੇ ਵਾਲੇ ਟੈਂਕ 'ਚ ਗੈਸ ਹੋਣ ਕਾਰਨ ਤਿੰਨਾਂ ਵਰਕਰਾਂ ਦੀ ਮੌਕੇ 'ਤੇ ਮੌਤ ਹੋ ਗਈ। ਇਸ ਘਟਨਾ ਦੀ ਸੂਚਨਾ ਮਿਲਦਿਆਂ ਸਾਰ ਐੱਸ ਪੀ ਹਰਿੰਦਰਪਾਲ ਸਿੰਘ ਪਰਮਾਰ ਮੌਕੇ 'ਤੇ ਪਹੁੰਚੇ ਤੇ ਫੈਕਟਰੀ ਮਾਲਕ ਨੂੰ ਕਾਬੂ ਕਰ ਲਿਆ ਹੈ। ਇਸ ਮੌਕੇ ਐਸ ਪੀ ਹਰਿੰਦਰਪਾਲ ਸਿੰਘ ਪਰਮਾਰ ਨੇ ਕਿਹਾ ਕਿ ਉਕਤ ਮਾਮਲੇ ਦੀ ਸਾਰੀ ਛਾਣਬੀਣ ਅਤੇ ਪੁੱਛ ਪੜਤਾਲ ਕਰ ਕੇ ਜੋ ਬਣਦੀ ਕਾਨੂੰਨੀ ਕਾਰਵਾਈ ਹੈ ਉਹ ਕੀਤੀ ਜਾਵੇਗੀ।

## ਫਿਲਮ 'ਸ਼ੂਟਰ' ਦੇ ਲੀਕ ਹੋਣ ਬਾਰੇ ਆਈ ਜੀ ਵੱਲੋਂ ਜਾਂਚ ਕਰਨ ਦੇ ਹੁਕਮ



ਬਟਾਲਾ, 7 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਪਾਬੰਦੀ ਸ਼ੁਦਾ ਫਿਲਮ ਸ਼ੂਟਰ ਦੇ ਯੂ-ਟਿਊਬ ਉਤੇ ਲੀਕ ਹੋਣ ਪਿੱਛੋਂ ਆਈ ਜੀ ਬਾਰਡਰ ਰੇਂਜ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਨੇ ਕੱਲ੍ਹ ਇਸ ਕੇਸ ਦੀ ਜਾਂਚ ਸਾਈਬਰ ਕ੍ਰਾਈਮ ਬਰਾਂਚ ਦੇ ਆਈ ਜੀ ਇੰਦਰਬੀਰ ਸਿੰਘ ਨੂੰ ਸੌਂਪ ਦਿੱਤੀ ਹੈ।

ਵਰਨਣ ਯੋਗ ਹੈ ਕਿ ਫਿਲਮ ਸ਼ੂਟਰ ਨੂੰ ਫਰਵਰੀ ਵਿੱਚ ਪੰਜਾਬ ਸਰਕਾਰ ਨੇ ਇਸ ਰਾਜ ਵਿੱਚ ਬੈਨ ਕਰ ਦਿੱਤਾ ਸੀ। ਇਹ ਫਿਲਮ ਗੈਂਗਸਟਰ ਸੁੱਖਾ ਕਾਹਲਵਾਂ ਦੀ ਜ਼ਿੰਦਗੀ ਉਤੇ ਬਣਾਈ ਗਈ ਅਤੇ ਇਸ ਵਿੱਚ ਗੈਂਗਸਟਰ ਉਸ ਨੂੰ ਹੀਰੋ ਦੇ ਰੂਪ ਵਿੱਚ ਵਿਖਾਇਆ ਗਿਆ ਹੈ। ਸਾਲ 2015 ਵਿੱਚ ਪੇਸ਼ੀ ਦੌਰਾਨ ਸੁੱਖਾ ਕਾਹਲਵਾਂ ਦਾ ਕਤਲ ਗੈਂਗਸਟਰ ਵਿੱਕੀ ਗੌਂਡਰ ਨੇ ਕਰ ਦਿੱਤਾ ਸੀ। ਆਈ ਜੀ ਪਰਮਾਰ ਨੇ ਕਿਹਾ ਕਿ ਫਿਲਮ ਦਾ ਯੂਟਿਊਬ ਲਿੰਕ ਉਨ੍ਹਾਂ ਕੋਲ ਪੁੱਜ ਚੁੱਕਾ ਹੈ। ਇਸ ਫਿਲਮ ਉਤੇ ਪੰਜਾਬ ਸਰਕਾਰ ਵੱਲੋਂ ਪਾਬੰਦੀ ਲਾਈ ਗਈ ਹੈ। ਇਸ ਦੇ ਲਈ ਜਾਂਚ ਕਮੇਟੀ ਬਣਾ ਦਿੱਤੀ ਗਈ ਅਤੇ ਇਸ ਦੀ ਜਾਂਚ ਆਈ ਜੀ ਸਾਈਬਰ ਕ੍ਰਾਈਮ ਦੇ ਆਈ ਜੀ ਇੰਦਰਬੀਰ ਸਿੰਘ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਪਤਾ ਲਗਾਇਆ ਜਾ ਰਿਹਾ ਹੈ ਕਿ ਫਿਲਮ ਨੂੰ ਯੂ-ਟਿਊਬ 'ਤੇ ਕਿਸਨੇ ਕੀਤਾ ਹੈ।

## ਜਦੋਂ ਮਾਂ ਆਖਰੀ ਵਾਰ ਪੁੱਤ ਦਾ ਮੂੰਹ ਨਹੀਂ ਵੇਖ ਸਕੀ

ਲੰਡਨ, 7 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਮਰੀਜ਼ਾਂ ਨੂੰ ਇਕਾਂਤ ਵਿੱਚ ਰੱਖੇ ਜਾਣ ਕਾਰਨ ਆਖ਼ਰੀ ਸਮੇਂ ਵੀ ਆਪਣਿਆਂ ਨੂੰ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ।

ਯੂ ਕੇ ਦੇ ਬ੍ਰਿਕਸਟਨ 'ਚ ਰਹਿਣ ਵਾਲੇ 13 ਸਾਲਾ ਬੱਚੇ ਇਸਮਾਈਲ ਮੁਹੰਮਦ ਅਬਦੁਲਵਾਬ ਦੀ ਕੋਰੋਨਾ ਕਾਰਨ ਮੌਤ ਹੋ ਗਈ। ਉਸ ਦੀ ਮਾਂ ਅਤੇ ਉਸ ਦੇ ਬਾਕੀ ਭੈਣ-ਭਰਾਵਾਂ ਨੂੰ ਇਕਾਂਤ ਵਿੱਚ ਰੱਖਿਆ ਗਿਆ ਸੀ। ਮਾਂ ਨੂੰ ਆਨਲਾਈਨ ਅੰਤਿਮ ਸੰਸਕਾਰ ਦੇਖਣ ਦੀ ਇਜਾਜ਼ਤ ਮਿਲੀ। ਇਸਮਾਈਲ ਦੇ ਅੰਤਿਮ ਸੰਸਕਾਰ 'ਚ ਕੁਝ ਰਿਸ਼ਤੇਦਾਰਾਂ ਨੂੰ ਆਉਣ ਦੀ ਇਜਾਜ਼ਤ ਮਿਲੀ ਅਤੇ ਉਨ੍ਹਾਂ ਨੂੰ 'ਪ੍ਰੋਟੈਕਟਿਵ ਸੂਟ' ਪਾ ਕੇ ਆਉਣ ਦਿੱਤਾ ਗਿਆ ਅਤੇ ਦੋ ਮੀਟਰ ਦੀ ਦੂਰੀ 'ਤੇ ਖੜੇ ਰਹੇ। ਇਸਮਾਈਲ ਦੀ ਮਾਂ ਤੇ ਦੋ ਭੈਣ-ਭਰਾਵਾਂ 'ਚ ਵੀ ਕੋਰੋਨਾ ਦਾ ਲੱਛਣ ਹੋਣ ਕਾਰਨ ਉਹ ਸਾਰੇ ਘਰ 'ਚ ਹੀ ਇਕਾਂਤਵਾਸ 'ਚ ਰੱਖੇ ਗਏ ਹਨ। ਬਰਤਾਨੀਆਂ 'ਚ ਲਗਾਤਾਰ ਕੋਰੋਨਾ ਪੀੜਤਾਂ ਦੀ ਗਿਣਤੀ ਵਧਦੀ ਜਾ ਰਹੀ ਹੈ।

## ਸੋਸ਼ਲ ਮੀਡੀਆ ਉਤੇ ਗਲਤ ਟਿੱਪਣੀਆਂ ਕਰਨ ਵਾਲੀ ਪ੍ਰਿੰਸੀਪਲ ਤੇ ਮਹਿਲਾ ਟੀਚਰ ਗ੍ਰਿਫ਼ਤਾਰ

ਲਧਿਆਣਾ, 7 ਅਪ੍ਰੈਲ (ਪੋਸਟ ਬਿਊਰੋ)- ਮੁਸਲਮਾਨ ਭਾਈਚਾਰੇ ਦੇ ਖ਼ਿਲਾਫ਼ ਸੋਸ਼ਲ ਮੀਡੀਆ 'ਤੇ ਇਤਰਾਜ਼ ਵਾਲੀਆਂ ਟਿੱਪਣੀਆਂ ਕਰਨ ਵਾਲੇ ਸਕੂਲ ਪ੍ਰਿੰਸੀਪਲ ਤੇ ਉਸ ਦੀ ਮਹਿਲਾ ਟੀਚਰ ਨੂੰ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ। ਮੁੰਡੀਆਂ ਪੁਲਸ ਨੇ ਚੌਕੀ ਦੇ ਮੁਖੀ ਹਰਭਜਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਇਹ ਕਾਰਵਾਈ ਮੁੰਡੀਆਂ ਕਲਾਂ ਦੇ ਵਸਨੀਕ ਮੁਹੰਮਦ ਹੁਸੈਨ ਦੀ ਸ਼ਿਕਾਇਤ 'ਤੇ ਕੀਤੀ ਅਤੇ ਸ਼ਾਰਦਾ ਵਿੱਦਿਆ ਸਕੂਲ ਰਾਮ ਨਗਰ ਦੀ ਪ੍ਰਿੰਸੀਪਲ ਪੁਸ਼ਪਾ ਅਤੇ ਉਸ ਦੀ ਮਹਿਲਾ ਟੀਚਰ ਕੰਚਨ ਕੁਮਾਰੀ ਵਾਸੀ



ਰਾਮ ਨਗਰ ਨੂੰ ਵੱਖ-ਵੱਖ ਧਾਰਵਾਂ ਹੇਠ ਗ੍ਰਿਫ਼ਤਾਰ ਕੀਤਾ ਹੈ।

ਹਰਭਜਨ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿਤੀ ਗਈ ਮੁਢਲੀ ਰਿਪੋਰਟ 'ਚ ਸ਼ਿਕਾਇਤ ਕਰਤਾ ਨੇ ਦੱਸਿਆ ਸੀ ਕਿ ਉਕਤ ਦੋਸ਼ੀ ਆਪਣੇ ਸਾਥੀਆਂ ਬੰਟੀ, ਰਜਨੀਕਾਂਤ ਤੇ ਹੋਰਨਾਂ ਨਾਲ ਮਿਲ ਕੇ ਮੁਸਲਮਾਨ ਭਾਈਚਾਰੇ ਖ਼ਿਲਾਫ਼ ਇਤਰਾਜ਼ ਯੋਗ ਟਿੱਪਣੀਆਂ ਕਰ ਰਹੇ ਹਨ। ਉਸ ਨੇ ਦੱਸਿਆ ਕਿ ਇਹ ਦੋਸ਼ੀ ਲੋਕਾਂ ਨੂੰ ਸੋਸ਼ਲ ਮੀਡੀਆ 'ਤੇ ਸੁਨੇਹੇ ਭੇਜ ਰਹੇ ਹਨ ਕਿ ਪੱਚੀ ਦੇ ਕਰੀਬ ਮੁਸਲਿਮ ਲੋਕਾਂ ਦੇ ਘਰ ਵਿੱਚ ਜ਼ਬਰਦਸਤੀ ਦਾਖਲ ਹੋ ਕੇ ਉਨ੍ਹਾਂ ਨਾਲ ਹੱਥ ਮਿਲਾ ਰਹੇ ਹਨ ਤਾਂ ਜੋ ਕੋਰੋਨਾ ਵਾਇਰਸ ਦੀ ਬਿਮਾਰੀ ਨੂੰ ਵੱਧ ਤੋਂ ਵੱਧ ਫੈਲਾਇਆ ਜਾ ਸਕੇ।

ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060

ਹੈਲਪਰ ਦੀ ਲੋੜ ਹੈ
Construction Company
FULL TIME WORK
416-618-3358 | 905-789-7783
ਜਾਂ ਫਿਰ ਈਮੇਲ ਕਰੋ: northyorkkitchen@gmail.com





# ਬੀਜਿੰਗ ਉੱਤੇ ਕੋਰੋਨਾ ਦੀ ਮਹਾਮਾਰੀ ਲੰਬਾ ਸਮਾਂ ਹਾਵੀ ਰਹੇਗੀ

ਬੀਜਿੰਗ, 7 ਅਪ੍ਰੈਲ (ਪੋਸਟ ਬਿਊਰੋ)- ਚੀਨ ਦੀ ਰਾਜਧਾਨੀ ਵਿੱਚ ਸੰਭਵਤ ਲੰਬੇ ਸਮੇਂ ਤੱਕ ਕੋਰੋਨਾ ਵਾਇਰਸ ਮਹਾਮਾਰੀ ਹਾਵੀ ਰਹੇਗੀ। ਇੱਕ ਸਿਹਤ ਅਧਿਕਾਰੀ ਦੇ ਮੁਤਾਬਕ ਸ਼ਹਿਰ ਦੇ ਬਚਾਅ ਅਤੇ ਕੰਟਰੋਲ ਕੰਮ ਨੂੰ ਜਲਦੀ ਰੋਕਣ ਦੀ ਕੋਈ ਸੰਭਾਵਨਾ ਨਹੀਂ ਹੈ, ਇਹ ਕਾਫੀ ਸਮਾਂ ਜਾਰੀ ਰੱਖੇ ਜਾ ਸਕਦੇ ਹਨ।



ਨਗਰ ਪਾਲਿਕਾ ਦੇ ਬੁਲਾਰੇ ਸ਼ੁ ਹੇਈ-ਜਆਨ ਨੇ ਕਿਹਾ ਕਿ ਅੰਤਰਰਾਸ਼ਟਰੀ ਨਿਵੇਸ਼ ਦਾ ਕੇਂਦਰ ਰਾਜਧਾਨੀ ਸ਼ਹਿਰ ਅੱਜ ਵੀ ਖਤਰੇ ਵਿੱਚ ਹੈ ਕਿਉਂਕਿ ਕੋਵਿਡ-19 ਸੰਸਾਰ ਮਹਾਮਾਰੀ ਦਾ ਤੇਜ਼ੀ ਨਾਲ ਫੈਲਣਾ ਜਾਰੀ ਹੈ। ਚੀਨ ਦੇ ਰਾਸ਼ਟਰੀ ਸਿਹਤ ਕਮਿਸ਼ਨ (ਐੱਨ ਐੱਚ ਸੀ) ਨੇ ਕੱਲ੍ਹ ਕਿਹਾ ਕਿ ਦੇਸ਼ ਵਿੱਚੋਂ ਐਤਵਾਰ ਨੂੰ ਕੋਵਿਡ-19 ਦਾ ਘਰੇਲੂ ਮਾਮਲਾ ਅਤੇ ਵਿਦੇਸ਼ਾਂ ਤੋਂ ਇਨਫੈਕਸ਼ਨ ਲੈ ਕੇ ਆਏ 38 ਕੇਸ ਪਤਾ ਲੱਗੇ ਹਨ। ਨਵਾਂ ਘਰੇਲੂ ਕੇਸ ਗੁਆਂਗਦੋਂਗ ਸੂਬੇ ਤੋਂ ਪਤਾ ਲੱਗਾ ਹੈ, ਜੋ ਵੱਡਾ ਉਦਯੋਗਿਕ ਖੇਤਰ ਹੈ। ਸ਼ਨੀਵਾਰ ਨੂੰ ਇਨਫੈਕਸ਼ਨ ਦੇ ਪੰਜ ਸਥਾਨਕ ਰੋਗੀ ਪਤਾ ਲੱਗਣ ਦੇ ਬਾਅਦ ਅਜਿਹੇ ਕੇਸਾਂ ਦੇ ਫਿਰ ਤੋਂ ਸਾਹਮਣੇ ਆਉਣ ਦੀ ਚਿੰਤਾ ਹੋ ਗਈ ਹੈ। ਚੀਨ ਨੇ ਮਹੀਨੇ ਦੇ ਲਾਕਡਾਊਨ ਦੇ ਬਾਅਦ ਉਤਪਾਦਨ ਕੰਮਾਂ ਨੂੰ ਫਿਰ ਤੇਜ਼ੀ ਨਾਲ ਸ਼ੁਰੂ ਕਰ ਦਿੱਤਾ ਹੈ। ਕਮਿਸ਼ਨ ਨੇ ਕਿਹਾ ਕਿ ਐਤਵਾਰ ਨੂੰ 78 ਅਜਿਹੇ ਕੇਸ ਪਤਾ ਲੱਗੇ ਹਨ ਜਿਨ੍ਹਾਂ ਵਿੱਚ ਬਿਮਾਰੀ ਦੇ ਲਛਣ ਨਜ਼ਰ ਨਹੀਂ ਆ ਰਹੇ। ਇਨ੍ਹਾਂ ਵਿੱਚੋਂ ਚਾਲੀ ਕੇਸ ਵਿਦੇਸ਼ਾਂ ਤੋਂ ਇਨਫੈਕਸ਼ਨ ਲੈ ਕੇ ਆਏ ਹਨ।

## ਦਿੱਲੀ ਕਮੇਟੀ ਨੇ ਐੱਨਆਰਆਈ ਤੇ ਸੈਲਾਨੀ ਘਰੋ-ਘਰੀ ਪਹੁੰਚਾਏ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਇਥੇ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਨੇ ਮਨੁੱਖਤਾ ਦੀ ਸੇਵਾ ਕਰਨ ਦੇ ਆਪਣੇ ਉਪਰਾਲਿਆਂ ਦੇ ਤਹਿਤ ਹੀ ਅੱਜ ਵਿਦੇਸ਼ਾਂ ਤੋਂ ਆਏ ਐੱਨਆਰਆਈ ਤੇ ਵਿਦੇਸ਼ਾਂ ਵਿੱਚ ਘੁੰਮ ਕੇ ਵਰਤੇ 100 ਤੋਂ ਵੱਧ ਸੈਲਾਨੀਆਂ ਨੂੰ ਉਨ੍ਹਾਂ ਦੇ ਘਰਾਂ ਤੱਕ ਮਹਿਫੂਜ਼ ਪਹੁੰਚਾਇਆ।



ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਹੈ ਕਿ ਇਨ੍ਹਾਂ ਸਾਰਿਆਂ ਨੂੰ ਕੌਮਾਂਤਰੀ ਹਵਾਈ ਅੱਡਿਆਂ ’ਤੇ ਰੋਕ ਕੇ 14 ਦਿਨਾਂ ਲਈ ਇਕਾਂਤਵਾਸ ਵਿੱਚ ਰੱਖ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਦਿੱਲੀ ਵਿੱਚ ਨਰੇਲਾ ਤੇ ਨੋਇਡਾ ਦੇ ਸੈਂਟਰਾਂ ਤੋਂ ਅੱਜ ਅਜਿਹੇ 100 ਤੋਂ ਵੱਧ ਪਰਵਾਸੀ ਭਾਰਤੀ ਜਾਂ ਪੰਜਾਬੀ ਮੂਲ ਦੇ ਵਿਅਕਤੀ ਜੋ ਵਿਦੇਸ਼ਾਂ ਵਿੱਚ ਘੁੰਮ ਕੇ ਪਰਤੇ ਸਨ, ਨੂੰ ਦੋ ਬੱਸਾਂ ਰਾਹੀਂ ਪੰਜਾਬ ਲਈ ਰਵਾਨਾ ਕੀਤਾ ਗਿਆ ਹੈ।

ਸ੍ਰੀ ਸਿਰਸਾ ਨੇ ਕਿਹਾ ਕਿ ਜੇਕਰ ਹੋਰ ਕੋਈ ਵੀ ਅਜਿਹੇ ਐੱਨਆਰਆਈ ਜਾਂ ਵਿਦੇਸ਼ਾਂ ਤੋਂ ਘੁੰਮ ਕੇ ਪਰਤੇ ਵਿਅਕਤੀ ਹਨ ਤੇ ਘਰ ਜਾਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੇ ਧਿਆਨ ਵਿਚ ਲਿਆਂਦੇ ਜਾਣ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਹੋਰ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਚ ਸੇਵਾ ਕਰ ਰਹੇ ਸਟਾਫ ਤੇ ਸੇਵਾਦਾਰਾਂ ਵਾਸਤੇ ਮਿਸਡ ਫੈਨ ਰਾਹੀਂ ਸਾਰੇ ਸਰੀਰ ਦੀ ਸੈਨੇਟਾਈਜੇਸ਼ਨ ਕਰਨ ਦਾ ਉਪਰਾਲਾ ਕੀਤਾ ਹੈ ਜਿਸਨੂੰ ਵੱਡੀ ਸਫ਼ਲਤਾ ਮਿਲੀ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਬਾਠ ਨੇ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਨੂੰ ਟਵੀਟ ਕਰਕੇ ਇਹ ਅਪੀਲ ਕੀਤੀ ਹੈ ਕਿ ਉਹ ਕਰੋਨਾਵ-ਾਇਰਸ ਤੋਂ ਦੇਸ਼ ਵਾਸੀਆਂ ਨੂੰ ਨਿਜਾਤ ਦਿਵਾਉਣ ਲਈ ਗੁਰਦੁਆਰਾ ਬੰਗਲਾ ਸਾਹਿਬ ਆ ਕੇ ਅਰਦਾਸ ਕਰਨ।

# ਮਾਸਕ ਉੱਤੇ ਇੱਕ ਹਫਤਾ ਤੇ ਬੈਂਕ ਨੋਟ ਉੱਤੇ ਕੋਰੋਨਾ ਕਈ ਦਿਨ ਜ਼ਿੰਦਾ ਰਹਿ ਸਕਦੈ

ਬੀਜਿੰਗ, 7 ਅਪ੍ਰੈਲ (ਪੋਸਟ ਬਿਊਰੋ)- ਕੋਵਿਡ-19 ਬਿਮਾਰੀ ਲਈ ਜ਼ਿੰਮੇਵਾਰ ਕੋਰੋਨਾ ਵਾਇਰਸ ਚਿਹਰੇ 'ਤੇ ਲਗਾਏ ਜਾਣ ਵਾਲੇ ਮਾਸਕ 'ਤੇ ਇੱਕ ਹਫਤਾ ਅਤੇ ਬੈਂਕ ਨੋਟ, ਸਟੀਲ ਅਤੇ ਪਲਾਸਟਿਕ ਦੀ ਪਰਤ ਉੱਤੇ ਕਈ ਦਿਨਾਂ ਜਿਊਂਦਾ ਰਹਿ ਕੇ ਇਨਫੈਕਸ਼ਨ ਫੈਲਾਉਣ ਦੇ ਸਮਰੱਥ ਹੋ ਸਕਦਾ ਹੈ।



ਹਾਂਗਕਾਂਗ ਯੂਨੀਵਰਸਿਟੀ ਦੇ ਖੋਜਕਾਰਾਂ ਦਾ ਕਹਿਣਾ ਹੈ ਕਿ ਇਹ ਵਾਇਰਸ ਘਰ ਵਿੱਚ ਵਰਤਣ ਵਾਲੇ ਕੀਟਾਣੂ ਨਾਸ਼ਕਾਂ, ਬਲੀਚ ਜਾਂ ਸਾਬਣ ਤੇ ਪਾਣੀ ਨਾਲ ਵਾਰ-ਵਾਰ ਹੱਥ ਧੋਣ ਨਾਲ ਮਰ ਜਾਵੇਗਾ। ਸਾਊਥ ਚਾਈਨਾ ਮਾਰਨਿੰਗ ਪੋਸਟ ਨੇ ਕੱਲ੍ਹ ਲਿਖਿਆ ਕਿ ਅਧਿਐਨ ਦੇ ਮੁਤਾਬਕ ਕੋਰੋਨਾ ਵਾਇਰਸ ਸਟੇਨਲੈੱਸ ਸਟੀਲ ਅਤੇ ਪਲਾਸਟਿਕ ਦੀਆਂ ਪਰਤਾਂ 'ਤੇ ਚਾਰ ਦਿਨ ਚਿਪਕਿਆ ਰਹਿ ਸਕਦਾ ਹੈ ਅਤੇ ਚਿਹਰੇ ਉੱਤੇ ਲਾਏ ਜਾਣ ਵਾਲੇ ਮਾਸਕ ਦੀ ਬਾਹਰੀ ਪਰਤ ਉੱਤੇ ਹਫਤੇ ਤੱਕ ਜਿਊਂਦਾ ਰਹਿ ਸਕਦਾ ਹੈ। ਇਹ ਅਧਿਐਨ ਸਾਰਸ-ਸੀ ਓ ਵੀ-2 ਦੀ ਸਥਿਰਤਾ ਬਾਰੇ ਲਗਾਤਾਰ ਹੋ ਰਹੇ ਖੋਜ ਕਾਰਜਾਂ 'ਚ ਹੋਰ ਜਾਣਕਾਰੀ ਜੋੜਦਾ ਤੇ ਦੱਸਦਾ ਹੈ ਕਿ ਇਸ ਨੂੰ ਫੈਲਣ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ। ਹਾਂਗਕਾਂਗ ਯੂਨੀਵਰਸਿਟੀ ਦੇ ਸਕੂਲ ਆਫ ਪਬਲਿਕ ਹੈਲਥ ਬਾਰੇ ਖੋਜਕਾਰ ਲਿਓ ਪੂਨ ਲਿਤਮੈਨ ਅਤੇ ਮਾਲਕ ਪੇਰੀਜ ਨੇ ਕਿਹਾ ਕਿ ਸਾਰਸ-ਓ ਵੀ-2 ਅਨੁਕੂਲ ਵਾਤਾਵਰਣ 'ਚ ਬੇਹੱਦ ਸਥਿਰ ਰਹਿ ਸਕਦਾ ਹੈ ਤੇ ਇਹ ਰੋਗਾਣੂ ਮੁਕਤ ਕਰਨ ਦੇ ਮਾਪਦੰਡਾਂ ਪ੍ਰਤੀ ਸੰਵੇਦਨਸ਼ੀਲ ਵੀ ਹੈ। ਖੋਜਕਾਰਾਂ ਨੇ ਜਾਂਚਣ ਦੀ ਕੋਸ਼ਿਸ਼ ਕੀਤੀ ਕਿ ਇਹ ਵਾਇਰਸ ਆਮ ਤਾਪ 'ਤੇ ਵੱਖ-ਵੱਖ ਪਰਤਾਂ 'ਤੇ ਕਿੰਨੀ ਦੇਰ ਰਹਿ ਸਕਦਾ ਹੈ। ਉਨ੍ਹਾਂ ਨੇ ਦੇਖਿਆ ਕਿ ਪ੍ਰਿੰਟਿੰਗ ਅਤੇ ਟਿਸ਼ੂ ਪੇਪਰ 'ਤੇ ਇਹ ਤਿੰਨ ਘੰਟੇ, ਜਦੋਂ ਕਿ ਲੱਕੜੀ ਜਾਂ ਕੱਪੜੇ 'ਤੇ ਇਹ ਪੂਰਾ ਦਿਨ ਰਹਿ ਸਕਦਾ ਹੈ। ਕੱਚ ਅਤੇ ਬੈਂਕ ਨੋਟ 'ਤੇ ਵਾਇਰਸ ਚਾਰ ਦਿਨ ਤੱਕ ਜਦੋਂ ਕਿ ਸਟੇਨਲੈੱਸ ਸਟੀਲ ਅਤੇ ਪਲਾਸਟਿਕ 'ਤੇ ਚਾਰ ਤੋਂ ਸੱਤ ਦਿਨ ਤੱਕ ਇਨਫੈਕਟਿਡ ਰਿਹਾ। ਇਹ ਅਧਿਐਨ ਦਿ ਲਾਂਸੇਟ ਰਸਾਲੇ 'ਚ ਛਪਿਆ ਹੈ।

# ਨਿਊਯਾਰਕ ਦੇ ਚਿੜੀਆਘਰ ਵਿੱਚ ਸ਼ੇਰਨੀ ਨੂੰ ਹੋ ਗਿਆ ਕੋਰੋਨਾ ਵਾਇਰਸ

ਨਿਊਯਾਰਕ, 7 ਅਪ੍ਰੈਲ (ਪੋਸਟ ਬਿਊਰੋ)- ਨਿਊਯਾਰਕ ਦੇ ਬ੍ਰੌਂਕਸ ਚਿੜੀਆਘਰ ਦੀ ਇੱਕ ਸ਼ੇਰਨੀ ਦੇ ਕੋਰੋਨਾਵਾਇਰਸ ਤੋਂ ਪ੍ਰਭਾਵਿਤ ਹੋਣ ਦਾ ਪਤਾ ਲੱਗਾ ਹੈ। ਅਮਰੀਕਾ ਵਿੱਚ ਕਿਸੇ ਜਾਨਵਰ ਦੇ ਕੋਰੋਨਾ ਪੀੜਤ ਹੋਣ ਦਾ ਇਹ ਪਹਿਲਾ ਕੇਸ ਹੈ। ਮੰਨਿਆ ਜਾ ਰਿਹਾ ਹੈ ਕਿ ਸ਼ੇਰਨੀ ਨੂੰ ਇਹ ਇਨਫੈਕਸ਼ਨ ਚਿੜੀਆਘਰ ਦੇ ਕਿਸੇ ਮੁਲਾਜ਼ਮ ਤੋਂ ਹੋਈ, ਜੋ ਕੋਰੋਨਾ ਦੇ ਨਾਲ ਪ੍ਰਭਾਵਿਤ ਹੈ ਪ੍ਰੰਤੂ ਉਸ ਵਿੱਚ ਲੱਛਣ ਨਹੀਂ ਦਿਖਾਈ ਦੇ ਰਹੇ। ਕੋਰੋਨਾ ਨਾਲ ਸਭ ਤੋਂ ਵੱਧ ਪ੍ਰਭਾਵਿਤ ਨਿਊਯਾਰਕ ਦੇ ਸਾਰੇ ਚਾਰ ਚਿੜੀਆਘਰ ਅਤੇ ਇਕਵੇਰੀਅਮ 16 ਮਾਰਚ ਤੋਂ ਆਮ ਜਨਤਾ ਲਈ ਬੰਦ ਹਨ।



ਚਿੜੀਆਘਰ ਦੇ ਪ੍ਰਬੰਧ ਕਰਨ ਵਾਲੀ ਵਾਈਲਡ ਲਾਈਫ ਕੰਜ਼ਰਵੇਸ਼ਨ ਸੁਸਾਇਟੀ ਨੇ ਦੱਸਿਆ ਕਿ ਚਾਰ ਸਾਲ ਦੀ ਸ਼ੇਰਨੀ ਨਾਦੀਆ ਦੇ ਨਾਲ ਇੱਕ ਹੋਰ ਸ਼ੇਰਨੀ, ਦੋ ਸ਼ੇਰ ਅਤੇ ਤਿੰਨ ਅਫਰੀਕੀ ਸ਼ੇਰ ਵੀ ਕੁਝ ਦਿਨਾਂ ਤੋਂ ਬਿਮਾਰ ਸਨ। ਇਨ੍ਹਾਂ ਸਾਰਿਆਂ ਨੂੰ ਸੁੱਕੀ ਖੰਘ ਦੀ ਸ਼ਿਕਾਇਤ ਸੀ। ਚਿੜੀਆਘਰ 'ਚ ਪਸ਼ੂਆਂ ਦੇ ਮੁੱਖ ਡਾਕਟਰ ਪਾਲ ਕੈਲ ਮੁਤਾਬਕ ਨਾਦੀਆ ਵੱਧ ਬਿਮਾਰ ਸੀ। ਉਸ ਨੂੰ ਭੁੱਖ ਵੀ ਘੱਟ ਲੱਗਦੀ ਸੀ। ਇਸ ਲਈ ਉਸ ਦਾ ਦੋ ਅਪ੍ਰੈਲ ਨੂੰ ਟੈਸਟ ਕੀਤਾ ਤਾਂ ਪੌਜ਼ਿਟਿਵ ਆਇਆ। 27 ਮਾਰਚ ਨੂੰ ਬਿਮਾਰੀ ਦੇ ਲੱਛਣ ਦਿੱਸਣ ਪਿੱਛੋਂ ਖ਼ੂਨ ਦੇ ਨਮੂਨੇ ਲੈਣ ਦੇ ਨਾਲ ਹੀ ਉਸ ਦਾ ਐਕਸ-ਰੇ ਅਤੇ ਅਲਟਰਾਸਾਊਂਡ ਕਰਵਾਇਆ ਗਿਆ। ਕੈਲੇ ਨੇ ਕਿਹਾ ਕਿ ਜਾਨਵਰਾਂ ਵਿੱਚ ਇਨਫੈਕਸ਼ਨ ਬਾਰੇ ਬਿਹਤਰ ਜਾਣਕਾਰੀ ਹਾਸਲ ਕਰਨ ਲਈ ਉਹ ਨਾਦੀਆ ਦੀ ਰਿਪੋਰਟ ਹੋਰ ਮਾਹਿਰਾਂ ਨਾਲ ਵੀ ਸਾਂਝੀ ਕਰਨਗੇ।

ਇਸ ਤੋਂ ਪਹਿਲੇ ਬੈਲਜੀਅਮ ਵਿੱਚ ਇੱਕ ਬਿੱਲੀ ਤੇ ਹਾਂਗਕਾਂਗ ਦੇ ਦੋ ਕੁੱਤਿਆਂ ਵਿੱਚ ਵੀ ਕੋਰੋਨਾ ਦਾ ਇਨਫੈਕਸ਼ਨ ਦੇਖਿਆ ਗਿਆ ਸੀ। ਇਨ੍ਹਾਂ ਸਾਰੇ ਜਾਨਵਰਾਂ ਵਿੱਚ ਇਨਫੈਕਸ਼ਨ ਉਨ੍ਹਾਂ ਦੇ ਮਾਲਕਾਂ ਤੋਂ ਆਇਆ ਸੀ।

## ਕਰੋਨਾ ਕਾਰਨ ਦਿੱਲੀ ਦਾ ਕੈਂਸਰ ਇੰਸਟੀਚਿਊਟ ਬੰਦ

ਨਵੀਂ ਦਿੱਲੀ, 7 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਸਟੇਟ ਕੈਂਸਰ ਇੰਸਟੀਚਿਊਟ ਨੂੰ ਬੰਦ ਕਰਨਾ ਪਿਆ ਤੇ ਇਸ ਦੇ ਮਰੀਜ਼ਾਂ ਨੂੰ ਨਿੱਜੀ ਹਸਪਤਾਲ ਵਿਚ ਆਰਜ਼ੀ ਤੌਰ ’ਤੇ ਤਬਦੀਲ ਕਰਨਾ ਪਿਆ। ਇਸ ਦਾ ਕਾਰਨ ਇਸ ਕੇਂਦਰ ਦੇ 18 ਸਿਹਤ ਕਾਮੇ ਕਰੋਨਾਵਾਇਰਸ ਤੋਂ ਪਾਜ਼ੇਟਿਵ ਪਾਏ ਗਏ ਹਨ। ਸੀਨੀਅਰ ਆਗੂਆਂ ਨੇ ਕਿਹਾ ਕਿ ਦੋ ਡਾਕਟਰ ਤੇ 16 ਪੈਰਾਮੈਡੀਕਲ ਵਿੱਚ ਕਰੋਨਾਵਾਇਰਸ ਦੇ ਲੱਛਣ ਪਾਏ ਗਏ ਹਨ। ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਸਟਾਫ ਕਿਵੇਂ ਲਾਗ ਤੋਂ ਪ੍ਰਭਾਵਿਤ ਹੋਇਆ ਜਦੋਂਕਿ ਇਸ ਕੇਂਦਰ ਵਿੱਚ ਕੋਵਿਡ-19 ਦੇ ਮਰੀਜ਼ ਭਰਤੀ ਨਹੀਂ ਹੋਏ ਸਨ। ਇਸ ਸਬੰਧੀ ਅਧਿਕਾਰੀ ਨੇ ਕਿਹਾ ਕਿ ਦਾਖ਼ਲ ਕਰਨ ਵਾਲੇ ਮਰੀਜ਼ਾਂ ਨੂੰ ਸਿਲਸਿਲੇ ਵਾਰ ਹੋਰ ਥਾਵਾਂ ਉੱਪਰ ਭੇਜਿਆ ਜਾ ਰਿਹਾ ਹੈ।

ਬਿਜਲੀ ਦਾ ਕੋਈ ਵੀ ਛੋਟਾ ਜਾਂ ਵੱਡਾ ਕੰਮ
FOR ALL KINDS OF ELECTRICAL WORK




INDOOR ਜਾਂ OUTDOOR LED POT LIGHTS ਲਗਵਾਉਣ ਤੇ DIMMER FREE ਲਗਵਾਉ

- Industrial Lighting / Automation
- Residential/ Commercial/ Industrial
- Basement / Custom Homes Wiring
- Service Panel Upgrading
- Fire Alarm / Security System
- Drive way Lights
- CCTV Camera
- UPS & Battery Banks



Contact: Nirmal Johal
Certified Technician
647-716-2677

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ

### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution



ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।

ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## Security Jobs - Security Guard Training - Licensing

GF1

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-

**We Also Provide All Level's of First Aid & CPR Training**

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## Call for Free Estimates

A-1 RENOVATION GTA INC

416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com

$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

**Looking for Experienced:**

- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage



Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $57 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

## PESTAGON Ltd

PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

## RESIDENTIAL - COMMERCIAL PROPERTY - INDUSTRIAL



KARAM SINGH PUNIAN
Sales Representative

For all your Real Estate Need Call
416.262.2600
Email: karampunian@gmail.com

HomeLife Maple Leaf Realty Ltd.
80 Eastern Ave, Brampton, ON
Tel: 905.456.9090



# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਾਮਗੜ੍ਹੀਆ ਅੰਮ੍ਰਿਤਧਾਰੀ ਲੜਕਾ 6'-2"/24-08-1995 ਕੈਨੇਡਾ ਪੀ ਆਰ ਲਈ ਗੁਰਸਿੱਖ ਲੜਕੀ ਦੀ ਜਰੂਰਤ ਸਟੂਡੈਂਟ/ਵਰਕ ਪਰਮਿਟ ਸੰਪਰਕ ਕਰ ਸਕਦੇ। ਵਟਸਪ ਨੰਬਰ +1-778-237-0011 +91-98150-44205

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ੁਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 | +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 | 416-494-9943


Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

## UPPAL LAW



AVTAR UPPAL
Manager

**IMMIGRATION SERVICES**

- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

**OTHER PRACTICES**

- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ

416.230.4000 • 647.409.1092
www.STARLANEPAINTING.com

